ਨਾਮਧਾਰੀ
ਪ੍ਰਸ਼ਨ ਉਤਰ

Namdhari
Q&A



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਕਾਹਨ ਸਿੰਘ ਜੀ (ਜੋ ਕਿ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਭਾਈ ਦੇ ਪੁਤ੍ਰ ਅਤੇ ਬਾਦ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸੂਬੇ ਹੋਏ) ਦੀ ਪੁਤਰੀ ਬੀਬੀ ਧੁਲੀ ਲਾਲਾ ਹਰੀਚੰਦ ਦੇ ਘਰ ਵਿਆਹੀ ਹੋਈ ਸੀ । ਭਾਈ ਹਰੀ ਚੰਦ ਕੋਲੋਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੀ ਮਹਿਮਾਂ ਤੇ ਵਡਿਆਈ ਸੁਣ ਕੇ ਬਾਬੇ ਬੈਂਕੇ ਨੂੰ ਦਰਸ਼ਨ ਕਰਨ ਦੀ ਖਿੱਚ ਲਗੀ । ਭਾਈ ਹਰੀਚੰਦ ਨੂੰ ਰੋਜ਼ ਆਖਿਆ ਕਰਦੇ ਕਿ ਮੈਨੂੰ ਨਾਲ ਲੈ ਚਲ ਕੇ ਸਤਿਗੁਰਾਂ ਦੇ ਦਰਸ਼ਨ ਕਰਵਾਓ, ਆਪ ਉਪਕਾਰੀ ਹੋ । ਮੈਂ ਬੜਾ ਔਗਣਹਾਰ ਹਾਂ ਭਲਾ ਜੇ ਉਹਨਾਂ ਦੀ ਚਰਨ ਛੋਹ ਨਾਲ ਮੈਂ ਵੀ ਸਿਧਾ ਹੋ ਜਾਵਾਂ । ਭਾਈ ਸਾਹਿਬ ਕਹਿੰਦੇ ਕਿ— ਅਨਿਕ ਬੀਰਾਂ ਦਾਸ ਕੇ ਪਰਹਰਿਆ ।

ਉਹਨਾਂ ਨੇ ਕਈਆਂ ਨੂੰ ਸਿਧਿਆਂ ਕਰ ਛਡਿਆ ਹੈ ਆਪ ਦਾ ਉਧਾਰ ਭਲਾ ਕਿਉਂ ਨਾ ਹੋਸੀ । ਬੈਂਕਾ ਜੀ ਕਹਿਣ ਮੈਂ ਤਾਂ ਤਦ ਹੀ ਜਾਣਾ ਜੇ ਮੇਰੇ ਜੈਸੇ ਮਹਾਪਾਮਰ ਨੂੰ ਠੀਕ ਕਰਨ । ਏਸ ਤਰ੍ਹਾਂ ਦੇ ਬਚਨ ਬਾਬਾ ਬੈਂਕਾ ਜੀ ਅਤੇ ਭਾਈ ਹਰੀਚੰਦ ਦੇ ਆਪਸ ਵਿਚ ਦੀ ਕਈ ਵਾਰ ਹੁੰਦੇ । ਭਾਈ ਬੈਂਕਾ ਜੀ ਦੀ ਖਿੱਚ ਦਿਨੋ ਦਿਨ ਵਧਦੀ ਹੀ ਗਈ । ਆਖਿਰਕਾਰ ਭਾਈ ਹਰੀਚੰਦ ਜੀ ਨੂੰ ਨਾਲ ਲੈ ਕੇ ਸਤਿਗੁਰ ਸਚੇ ਪਾਤਿਸ਼ਾਹ ਦੇ ਚਰਨਾਂ ਵਿਚ ਹਜ਼ਰੋਂ ਪੁਜੇ । ਦਰਸ਼ਨ ਕਰਦਿਆਂ ਸਾਰ ਹੀ ਮਨ ਕੁਛ ਸ਼ਾਂਤ ਜੇਹਾ ਹੋ ਗਿਆ । ਦਿਲ ਵਿਚ ਆਇਆ ਮਾਲੂਮ ਹੁੰਦਾ ਹੈ ਕਿ ... ਪੂਰਾ ਹੋਸੀ । ਨਮਸਕਾਰ ਕਰਕੇ ਅ... ਨਾਲ ਚਰਨਾਂ ਵਿਚ ਬੈਠ ਗਏ । ਭਾਈ ਹਰੀਚੰਦ ਜੀ ਨੇ ਆਪ ਦੇ ਪ... ਬਤ ਸਤਿਗੁਰਾਂ ਨਾਲ ਬਚਨ ਕੀਤੇ ਤੇ ਦਸਿਆ ਕਿ ਏਸ ਜਣੇ ਨੂੰ ਕਈ ਚਿਰਾਂ ਤੋਂ ਆਪ ਦੇ ਦਰਸ਼ਨ ਦੀ ... ਲਗੀ ਹੋਈ ਸੀ । ਸਤਿਗੁਰਾਂ ਬਚਨ ਕੀਤਾ 'ਕਾਹੁ ਭਾਈ ਕੇਹ ਲੋੜਨਾ ਏ ?' ਦੋਵੇਂ ਹਥ ਜੋੜ ਗਲ ਵਿਚ ... ਬਾਬਾ ਜੀ ! ਨਾਮ ਚਹੀਨਾ— ਬੇਸ਼ਕ ... ਕਰ ਦੇਹ ਮੇਹਰ । ਮੈਂ ਤੇਰਾ ਹਾਂ, ਤੇਰੇ ਦਰ ਤੇ ਆਣ ਢੱਠਾ ... ਦਾ ਖੈਰ—ਪਾ ਦੇ ਮੇਰੀ ਝੋਲੀ ਵਿਚ ।" ਸਤਿਗੁਰਾਂ ਵੇਖਿਆ, ਕਿ ਭਾਂਡਾ ... ਹੈ, ਨਾਮ ਦੀ ਵਥ ਰਖਣ ... ਹੈ । ਆਏ ਮੇਹਰ ਦੇ ਘਰ ਵਿਚ ਤੇ ਬਖਸ਼ ਦਿਤਾ '... ਰੋਗ ਕਾ ਅਉਖਧ ਨਾਮ' । ਉਹ ਨਾਮ, ਜਿਸ ਬਾਬਤ ਗੁਰੂ ਅਰਜਣ ਦੇਵ ਜੀ ਨੇ ਕਿਹਾ ਹੈ :

'ਮਨਹਿ ਪ੍ਰਗਾਸ ਭਇਆ ਭਰਮ ਨਾਸਿਆ ਮੰਤ੍ਰ ਦੀਆ ਗੁਰ ਕ... ।'

ਗੁਰਮੰਤਰ ਸੁਣਨ ਦੀ ਹੀ ਦੇਰ ਸੀ ਕਿ ਦਿਲ ਦਰਯਾ ਵਿਚ ਪ੍ਰੇਮ ਦੀ ਕਾਂਗ ਆ ਗਈ । ... ਉਛਾਲੇ ਵਜਣ । ਜਦੋਂ ਪਹਾੜਾਂ ਵਿਚ ਬਰਖਾ ਹੁੰਦੀ ਹੈ, ਅਰ ਜ਼ੋਰ ਦੀ ਬਰਖਾ ਹੁੰਦੀ ਹੈ, ਤ... ਨਾਲਿਆਂ ਤੇ ਦਰਿਯਾਵਾਂ ਵਿਚ ਹੜ੍ਹ ਆ ਜਾਂਦਾ ਹੈ, ਅਤੇ ਬੜੇ ਗੰਭੀਰ ਤੋਂ ਗੰਭੀਰ ਦਰਯਾ ਵੀ ਕੰਢਿਆਂ ਤੋਂ ... ਉਛਲ ਜਾਂਦੇ ਹਨ, ਜਿਸ ਵੇਲੇ ਸਤਿਗੁਰੂ ਰੂਪ ਮੇਘ ਨੇ ਨਾਮ ਰੂਪੀ ਬਰਖਾ ਕੀਤੀ, ਉਸੇ ਵੇਲੇ ਬੈਂਕਾ ਦਾ ਦਿਲ ... ਠਾਠਾਂ ਮਾਰਨ ਲਗ ਪਿਆ ਚੇਹਰੇ ਦਾ ਰੰਗ ਬਦਲ ਗਿਆ । ਹੋਰ ਦੇ ਹੋਰ ਹੋ ਗਏ । ਵੇਖਣ ਵਾਲੇ ਹੈਰਾਨ ... । ਕਈ ਕਹਿਣ ... ਨੂੰ ਕੁਛ ਚਿੰਬੜ ਗਿਆ ਤੇ ਕੋਈ ਕਹਿਣ ਬਾਬੇ ਬਾਲਕ ਸਿੰਘ ਨੇ ਕੋਈ ਮੰਤ੍ਰ ਮਾਰਕੇ ... ਨੂੰ ਕਮਲਾ ਕਰ ਦਿੱਤਾ ਹੈ ।

... ਬਾਬੇ ਨੇ ਕਿਹਾ ਕਿ ਸੂਤਰ ਹੋ ਗਿਆ ਹੈ ਇਕ ਸਿੱਖ ਨੇ ਪੁਛਿਆ, ਸੱਚੇ ਪਾਤਸ਼ਾਹ ! ਸੂਤਰ ਕੇਹਾ ਹੁੰਦਾ ਹੈ ? ਗੁਰੂ ਜੀ ਨੇ ਕਿਹਾ, ਭਾਈ ਜਿਸ ਹਿਰਦੇ ਵਿਚ ਨਾਮ ਪ੍ਰਵੇਸ਼ ਕਰਦਾ ਹੈ ਉਹ ਉੱਜਲ ਹੋ ਜਾਂਦਾ ਹੈ । ਉਹ ਮਨ ਜੋ ਆਪਣੇ ਕੋਝੇ ਸੁਭਾਅ ਅਨੁਸਾਰ ਡਿੰਗਾ ਹੁੰਦਾ ਹੈ, ਸਤਿਗੁਰ ਦੀ ਕ੍ਰਿਪਾ ਨਾਲ ਸਿੱਧਾ ਹੋ ਜਾਂਦਾ ਹੈ । ਜਗਤ ਦੀ ਕਾਣ, ਲੋਕਾਂ ਦੀ ਉਸਤਤ ਨਿੰਦਿਆ ਦੇ ਅਸਰ ਹੇਠ ਆ ਕੇ ਜੋ ਕਈ ਤਰ੍ਹਾਂ ਦੇ ਵਲ ਛਲ ਕਰਦੇ ਕਪਟ ਤੇ ਫਰੇਬ ਹੁੰਦੇ ... ਵੇਲੇ ਨਿਕਲ ਜਾਂਦੇ ਹਨ । ਅਜਿਹੀ ਦਸ਼ਾ ਵਾਲੇ ਪੁਰਸ਼ ਨੂੰ ਆਖਦੇ ਹਨ ਕਿ ਅਮਕੇ ਨੂੰ ਤਾਂ ਸੂਤਰ ਹੋ ਗਿਆ ਹੈ । ਦੂਜਾ ਸੂਤਰ ਨਾਮ ਧਾਗੇ ਦਾ ਹੈ, ਜਿਸ ਨਾਲ ਕਾਰੀਗਰ ਲੋਕ ਲੱਕੜੀ ਦਾ ਵਿੰਗ ਕੱਢਣ ਵਾਸਤੇ ਨਿਸ਼ਾਨ ਕਢਦੇ ਹਨ, ਸੋ ਇਹ ਨਿਸ਼ਾਨੀ ਵੀ ਮਾਨ ਰੂਪੀ ਲਕੜੀ ਦੇ ਵਲ ਛਲ ਰੂਪ ਵਿੰਗ ਨਿਕਲ ਕੇ

ਸਿਧਿਆਂ ਹੋ ਜਾਣ ਦੀ ਹੈ। ਸ੍ਰੀਮਾਨ ਬਾਬਾ ਬੇਂਕਾ ਜੀ ਤੇ ਦਿਨੋ ਦਿਨ ਚੜ੍ਹਦੇ ਤੋਂ ਚੜ੍ਹਦਾ ਰਗ ਆਉਂਦਾ ਹੈ। ਇਕ ਦਿਨ ਜਦ ਆਪ ਬਹੁਤੇ ਹੀ ਰੰਗੇ ਹੋਏ ਸਨ, ਆਪ ਨੇ ਤਿੰਨ ਆਸਣ ਕੋਲੋ ਕੋਲ ਵਿਛਾ ਕੇ ਇਹ ਕਹਿਣਾ ਸ਼ੁਰੂ ਕਰ ਦਿਤਾ ਕਿ, "ਆਓ ਬਾਬਾ ਬਾਲਕ ਸਿੰਘ ਜੀ ਬੈਠੋ, ਆਓ ਬਾਬਾ ਰਾਮ ਸਿੰਘ ਜੀ ਬੈਠੋ, ਆਓ ਬਾਬਾ ਬੁਧ ਸਿੰਘ ਜੀ ਬੈਠੋ।"

ਵੇਖਣ ਵਾਲੀਆਂ ਸੰਗਤਾਂ ਨੇ ਇਹ ਬਚਨ ਇਸੇ ਤਰ੍ਹਾਂ ਦ੍ਰਿਸ਼ਟੀ ਅਗੋਚਰ ਕਰ ਛਡਿਆ, ਜਿਸ ਤਰ੍ਹਾਂ ਕਿ ਕਮਲੇ ਲੋਕਾਂ ਦੀਆਂ ਗੱਲਾਂ ਸੁਣਨ ਵਲੋਂ ਬੇ-ਪ੍ਰਵਾਹੀ ਹੁੰਦੀ ਹੈ।

ਸਚੇ ਪਾਤਸ਼ਾਹ ਜੀ ਤੋਂ ਬਿਨਾਂ ਕਿਸੇ ਨੂੰ ਉਦੋਂ ਕੀ ਪਤਾ ਸੀ ਕਿ ਮਸਤਾਨਾ ਭਵਿਖਤ ਸਬੰਧੀ ਪੇਸ਼ੀਨਗੋਈ ਕਰ ਰਿਹਾ ਹੈ। ਫੇਰ ਇਕ ਵਾਰ ਨਹੀਂ, ਕਈ ਵਾਰ ਬਾਬਾ ਬੇਂਕਾ ਤਿੰਨ ਆਸਣ ਵਿਛਾ ਕੇ ਤਿੰਨਾਂ ਹੀ ਸਾਹਿਬਾਂ ਦੇ ਨਾਮ ਉਤੇ ਲਿਖੀ ਤਰਤੀਬ ਅਨੁਸਾਰ ਲੈ ਕੇ ਆਸਣਾਂ ਤੇ ਬੈਠ ਜਾਣ ਵਾਸਤੇ ਪੁਕਾਰਦਾ। ਇਹ ਗੱਲ ਉਦੋਂ ਦੀ ਹੈ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਹਜ਼ਰੋਂ ਵਿਖੇ ਗਏ ਵੀ ਨਹੀਂ ਸਨ ਅਤੇ ਉਨ੍ਹਾਂ ਬਾਬਤ ਕਿਸੇ ਨੂੰ ਕੁਝ ਪਤਾ ਵੀ ਨਹੀਂ ਸੀ। ਏਸ ਬਚਨ ਦਾ ਰਾਜ਼ ਉਦੋਂ ਖੁਲ੍ਹਿਆ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਹਜ਼ਰੋਂ ਵਿਖੇ ਸਤਿਗੁਰੂ ਬਾਲਕ ਸਿੰਘ ਜੀ ਨੇ ਗੁਰਗੱਦੀ ਅਰਪਣ ਕੀਤੀ ਅਤੇ ਪਤਾ ਲਗਾ ਕਿ ਬਾਬਾ ਬੁਧ ਸਿੰਘ ਜੀ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ ਦਾ ਨਾਮ ਹੈ) ਜੋ ਕਿ ਆਪ ਦੇ ਪ੍ਰਵੇਸ ਗਮਨ ਕਰਨ ਦੇ ਸਮੇਂ ਹੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਨਾਮ ਤੋਂ ਪ੍ਰਸਿਧ ਹੋਏ। ਸਤਿਗੁਰਾਂ ਨੇ ਤੁਰਨ ਲਗਿਆਂ ਸੰਗਤਾਂ ਨੂੰ ਆਗਿਆ ਕੀਤੀ ਸੀ ਕਿ ਮੇਰੇ ਪਿਛੋਂ ਇਹੋ (ਬਾਬਾ ਬੁਧ ਸਿੰਘ ਜੀ) ਸੰਗਤਾਂ ਨੂੰ ਹਰਿਆ ਰਖਣਗੇ। ਸੰਗਤਾਂ ਨੂੰ ਹੁਣ ਪਤਾ ਲਗਾ ਕਿ ਆਪ ਤਾਂ ਗੁਰੂ ਘਰ ਦੇ ਬਾਲਮੀਕ ਰਿਸ਼ੀ ਹਨ। ਬਾਲਮੀਕ ਜੀ ਨੇ ਨਾਮ ਦੇ ਪ੍ਰਤਾਪ ਨਾਲ ਸ੍ਰੀ ਰਾਮ ਚੰਦਰ ਜੀ ਦੇ ਅਵਤਾਰ ਧਾਰਨ ਤੋਂ ਦਸ ਹਜ਼ਾਰ ਵਰਸ ਪਹਿਲੋਂ ਰਮਾਇਣ ਉਚਾਰਨ ਕਰ ਦਿਤੀ ਸੀ ਜੋ ਕਿ ਆਪ ਦੀ ਰਚਨਾ ਹੋਣ ਦੇ ਕਾਰਣ ਬਾਲਮੀਕੀ ਰਮਾਇਣ ਦੇ ਨਾਮ ਨਾਲ ਪ੍ਰਸਿਧ ਹੈ। ਸਤਿਗੁਰੂ ਜੀ ਦੀ ਜਿਨ੍ਹਾਂ ਤੇ ਪੂਰਨ ਕ੍ਰਿਪਾ ਹੁੰਦੀ ਹੈ ਉਹਨਾਂ ਨੂੰ ਉਹ ਦਿੱਬ-ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ। ਜਿਸ ਨਾਲ ਉਹ ਭੂਤ ਭਵਿੱਖਤ ਤੇ ਵਰਤਮਾਨ ਦੇ ਹਾਲ ਜਾਣ ਲੈਂਦੇ ਹਨ। ਇਹ ਗੱਲ ਵਖਰੀ ਹੈ ਕਿ ਉਹ ਪ੍ਰਗਟ ਨਾ ਕਰਨ ਕਿਉਂਕਿ ਮੌਜ ਦੇ ਮਾਲਕ ਹਨ। ਜੇਕਰ ਚਾਹੇ ਤਾਂ ਆਪੇ ਹੀ ਭੇਤ ਖੋਲ੍ਹ ਦੇਣ, ਜੇ ਨਾ ਚਾਹੇ ਤਾਂ ਭਾਵੇਂ ਕੋਈ ਕਿੰਨਾ ਕਹੇ ਬੋਲਣ ਹੀ ਨਾ ਕਿਉਂਕਿ ਉਹਨਾਂ ਨੂੰ ਕਿਸੇ ਦੀ ਕਾਣ ਨਹੀਂ ਹੁੰਦੀ, 'ਉਹ ਬੇ-ਪ੍ਰਵਾਹ ਨਾ ਬੋਲ ਨੀ।' ਉਹ ਰੰਗ ਵਿਚ ਹਸਦੇ, ਰੰਗ ਵਿਚ ਰੋਂਦੇ ਤੇ ਰੰਗ ਵਿਚ ਹੀ ਚੁੱਪ ਕਰ ਰਹਿੰਦੇ ਹਨ। ਬਾਬਾ ਬੇਂਕਾ ਜੀ ਦੀ ਆਯੂ ਮਸਤੀ ਦੀ ਹਾਲਤ ਵਿਚ ਹੀ ਗੁਜ਼ਰੀ। ਆਪ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਚਰਨ ਕਮਲਾਂ ਵਿਚ ਭੌਰੇ ਵਾਂਗ ਮੌਜਾਂ ਮਾਣਦੇ ਰਹੇ। ਆਪ ਦਾ ਦੇਹਾਂਤ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ 29 ਸਾਲ ਪਿਛੋਂ ਸੰਮਤ 1948 ਬਿਕ੍ਰਮੀ ਵਿਚ ਹੋਇਆ।

ਨ: ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਜੋਤੀ ਜੋਤ ਸਮਾਣ ਤੇ ਸੰਖੇਪ ਨੋਟ ਲਿਖੋ?

ਤਰ: ਸ੍ਰੀ ਸਤਿਗੁਰੂ ਬਾਲਕ ਜੀ ਸੰਮਤ 1919 ਬਿਕਰਮੀ ਨੂੰ ਮੱਘਰ ਦੀ ਪੂਰਨਮਾਸ਼ੀ ਨੂੰ ਜੋਤੀਜੋਤ ਸਮਾਏ ਸਨ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸਤਿਗੁਰੂ ਜੀ ਦਾ ਸ਼ਰੀਰ ਬੇ-ਆਰਾਮ ਹੋਇਆ। ਸਰੀਰ ਦਾ ਰੰਗ ਬਦਲ ਗਿਆ। ਵੈਦ ਬੁਲਾਏ ਗਏ, ਪਰ ਕੁਝ ਫਰਕ ਨਾ ਪਿਆ। ਸੰਗਤਾਂ ਬਾਹਰ ਬਹੁਤ ਇਕਠੀਆਂ ਹੋਈਆਂ ਅਤੇ ਜਾਣਿਆ ਕਿ ਸਤਿਗੁਰਾਂ ਨੇ ਪ੍ਰਲੋਕ ਗਮਨ ਕਰਨ ਕਾ ਤਿਆਰਾ ਕੀਤਾ ਹੈ। ਇਸ ਤਰ੍ਹਾਂ ਸਤਿਗੁਰੂ ਬਾਲਕ ਸਿੰਘ ਜੀ ਦਿਨ ਸਨੀਵਾਰ, ਮਘਰ ਦੇ ਮਹੀਨੇ ਜੋਤੀ ਜੋਤ ਸਮਾ ਗਏ। ਸੰਗਤ ਇਸ਼ਨਾਨ ਕਰਵਾ ਕੇ ਸ਼ਬਦ ਪੜ੍ਹਦੇ ਬਾਗ ਵਿਚ ਲਿਜਾ ਕੇ ਸਸਕਾਰ ਕੀਤਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮੁਰੰਡੇ ਗਏ ਹੋਏ ਸਨ। ਉਥੇ ਉਹਨਾਂ ਨੂੰ ਖਬਰ ਪੁਜੀ ਕਿ ਸਤਿਗੁਰੂ ਬਾਲਕ ਸਿੰਘ

ਜੀ ਮੱਘਰ ਦੀ ਪੁੰਨਿਆਂ ਨੂੰ ਜੋਤੀ ਜੋਤ ਸਮਾ ਗਏ ਹਨ। ਨਾਲ ਹੀ ਇਕ ਅਰਦਾਸ ਸਤਿਗੁਰੂ ਬਾਲਕ ਜੀ ਨੇ ਚੜ੍ਹਾਈ ਕਰਨ ਤੋਂ ਪਹਿਲੋਂ ਲਿਖ ਭੇਜੀ ਸੀ, ਉਹ ਵੀ ਮਿਲੀ ਜਿਸ ਵਿਚ ਲਿਖਿਆ ਸੀ ਕਿ "ਠਾਕਰੋ ਅਸੀਂ ਤਾਂ ਚੜਾਈ ਕੀ ਤਿਆਰੀ ਕੀਤੀ ਹੈ। ਤੁਸੀਂ ਸੰਗਤ ਕੋ ਸਾਂਭੋ। ਤੁਸੀਂ ਠਾਕੁਰੋ ਬਾਢੀ ਜਾਤ ਹੋ, ਐਸੀ ਚੂਨੇ ਇਟ ਲਾਉਣੀ ਜੇਹੜੀ ਫੇਰ ਨਾ ਉਖੜੇ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਖਬਰ ਸਾਰੀ ਸੰਗਤ ਕੋ ਸੁਣਾਈ। ਸੰਗਤ ਵੀ ਵੈਰਾਗਮਾਨ ਹੋਈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮੁਰੰਡੇ ਤੋਂ ਸ੍ਰੀ ਭੈਣੀ ਸਾਹਿਬ ਆ ਕੇ ਫੇਰ ਹਜ਼ਰੋਂ ਨੂੰ ਰਵਾਨਾ ਹੋਏ ਸਨ।

ਪ੍ਰਸ਼ਨ : ਗੁਰੂ ਰਾਮ ਸਿੰਘ ਜੀ ਦੇ ਨੌਕਰੀ ਛਡਣ ਤੋਂ ਬਾਅਦ ਅਤੇ ਸੰਤ ਖਾਲਸੇ ਦੀ ਸਿਰਜਣਾ ਕਰਨ ਸਮੇਂ ਤਕ ਦੇ ਜੀਵਨ ਤੇ ਰੋਸ਼ਨੀ ਪਾਓ।



ਉੱਤਰ : ਸੰਨ 1845 ਈ: ਆਪ ਨੌਕਰੀ ਛੱਡ ਕੇ ਸ੍ਰੀ ਭੈਣੀ ਸਾਹਿਬ ਵਾਪਿਸ ਆ ਗਏ। ਇਕ ਸਾਲ ਭਜਨ ਬੰਦਗੀ ਕੀਤੀ। ਚੜ੍ਹਦੇ ਸਾਲ ਬੈਲਾਂ ਦੀ ਜੋੜੀ ਲੈ ਸੁੱਖੂ ਜੱਟ ਨਾਲ ਸਾਂਝੀ ਖੇਤੀ ਕੀਤੀ। ਤੀਸਰੇ ਸਾਲ ਖੇਮੇ ਜੱਟ ਨਾਲ ਸਾਂਝੀ ਪਾਈ। ਨਾਲ ਨਾਲ ਤਰਖਾਣਾ ਕੰਮ ਕੀਤਾ। ਚੌਥੇ ਸਾਲ ਰਾਈਆਂ ਦੇ ਨੰਬਰਦਾਰ ਜਿਊਣ ਸਿੰਘ ਨਾਲ ਸਾਂਝ ਪਾ ਜੋੜੀ ਜੋੜੀ ਦੀ ਖੇਤੀ ਕਰਨ ਲਗੇ। ਰਾਈਆਂ ਜਾਣ ਦਾ ਇਕ ਕਾਰਨ ਹਮੀਰਾ ਜੱਟ ਸੀ। ਜੋ ਹਰ ਵੇਲੇ ਖੇਹ ਖੇਹ ਕਰਦਾ ਸੀ। ਹਮੀਰੇ ਦੀ ਮੌਤ ਹੋ ਗਈ। ਲੋਕਾਂ ਸਮਝਿਆ ਕਿ ਉਸ ਦੀ ਮੌਤ ਆਪ ਦੇ ਸਰਾਫ ਨਰਾਜ਼ ਹੋਣ ਕਾਰਨ ਹੋਈ ਹੈ। ਲੋਕਾਂ ਦੇ ਕਹਿਣ ਤੇ ਆਪ ਦਾ ਛੋਟੀ ਉਮਰ ਦਾ ਮਿੱਤਰ ਤੇ ਸੇਵਕ ਸੀ ਆਪ ਨੂੰ ਰਾਈਆਂ ਤੋਂ ਸ੍ਰੀ ਭੈਣੀ ਸਾਹਿਬ ਵਾਪਿਸ ਲੈਣ ਲਈ ਗਿਆ। ਸਤਿਗੁਰਾਂ ਨੇ ਆਪਣੀ ਮਜਬੂਰੀ ਦਸੀ। ਉਸ ਨੇ ਜ਼ਿੰਮੇਵਾਰੀ ਚੁਕ ਕੇ ਸਤਿਗੁਰਾਂ ਨੂੰ ਵਾਪਿਸ ਭੈਣੀ ਸਾਹਿਬ ਲੈ ਆਂਦਾ। ਭੈਣੀ ਸਾਹਿਬ ਆ ਕੇ ਪੂਰਬ ਦੀ ਤਰਫੋਂ ਆਉਂਦੇ ਸਾਹਮਣੇ ਪਿੰਡ ਦੇ ਦਾਂਖਲੇ ਵਾਲੀ ਗਲੀ ਤੋਂ ਗੁਰੂ ਹਰੀ ਸਿੰਘ ਜੀ ਵਾਲੇ ਚੋਬਾਰੇ ਦੀਆਂ ਪੌੜੀਆਂ ਤੱਕ (ਦਰਸ਼ਨੀ ਡਿਉੜੀ ਹਰੀ ਮੰਦਰ ਤੇ ਨਾਲ ਲਗਦੇ ਕਮਰੇ) ਦੀ ਥਾਂ ਵਲਗਣ ਵਲ ਰਹਿਣ ਲਗੇ। ਨਵੇਂ ਮਕਾਨ ਪਾ ਕੇ ਦੋਵੇਂ ਲੜਕੀਆਂ ਦੇ ਅਨੰਦ ਕੀਤੇ। ਵਡੀ ਖਟੜੀ ਤੇ ਛੋਟੀ ਨਾਰੰਗਵਾਲ ਵਿਆਹੀ। ਫੇਰ 1850 ਤੋਂ 51 ਵਿਚ ਆਪਣੇ ਮਾਮੇ ਹਰੀ ਸਿੰਘ ਦੇ ਪੁਤਰ ਖਜ਼ਾਨ ਸਿੰਘ ਜੋ ਰਾਜਗਿਰੀ ਕਰਦਾ ਸੀ ਦੇ ਕੋਲ ਫਿਰੋਜ਼ਪੁਰ ਜਾ ਰਾਜਗਿਰੀ ਦਾ ਕੰਮ ਕਰਨ ਲਗੇ। ਉਥੇ ਕਿਲ੍ਹੇ ਦੀ ਉਸਾਰੀ ਦਾ ਕੰਮ ਕੀਤਾ। ਏਥੇ 1855 ਤਕ ਰਹੇ। ਹਾੜ੍ਹ ਦੇ ਮਹੀਨੇ ਵਾਪਿਸ ਸ੍ਰੀ ਭੈਣੀ ਸਾਹਿਬ ਆ ਗਏ। ਏਥੇ ਦੁਕਾਨਦਾਰੀ ਤੇ ਖੇਤੀ ਕੀਤੀ 1857 ਤੱਕ ਏਥੇ ਹੀ ਰਹੇ। ਨਿਤਾ ਪ੍ਰਤਾ ਕਾਰਿਆ ਕਰਮ ਏਸ ਤਰ੍ਹਾਂ ਦਾ ਸੀ ਕਿ ਅਧੀ ਰਾਤ ਦੇ ਟੁਟਦੇ ਹੀ ਸੇਜਾਂ ਦਾ ਤਿਆਗ ਕਰ ਦੇਣਾ ਅਤੇ ਇਸ਼ਨਾਨ ਕਰ ਸਿਮਰਨ ਵਿਚ ਜੁਟ ਜਾਣਾ। ਦਿਨ ਚੜ੍ਹੇ ਕਾਰ ਵਿਹਾਰ ਕਰਨਾ। ਉਪਰੰਤ ਲੌਢੇ ਵੇਲੇ ਫੇਰ ਭਜਨ ਵਿਚ ਜੁੜ ਜਾਣਾ।

ਪ੍ਰਸ਼ਨ : ਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਕਦੋਂ ਹੋਇਆ। ਆਪ ਦੇ ਪ੍ਰਵਾਰ ਸਬੰਧੀ ਜਾਣਕਾਰੀ ਦਿਓ।

ਉੱਤਰ : ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਮਾਘ ਸੁਦੀ ਪੰਚਮੀ ਬਸੰਤ ਵਾਲੇ ਦਿਨ, ਬੁਧ ਤੇ ਵੀਰ ਵਾਰ ਦੀ ਵਿਚਾਲੀ

ਰਾਤ ਨੂੰ ਅੰਮ੍ਰਿਤ ਵੇਲੇ, ਪਿੰਡ ਰਾਈਆਂ ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ ।

ਮਾਤਾ ਪਿਤਾ : ਆਪ ਦੇ ਮਾਤਾ ਜੀ ਦਾ ਨਾਮ ਮਾਤਾ ਸਦਾ ਕੌਰ ਤੇ ਪਿਤਾ ਦਾ ਨਾਮ ਬਾਬਾ ਜੱਸਾ ਸਿੰਘ ਸੀ ।

ਭੈਣ ਭਾਈ : ਆਪ ਜੀ ਦੀਆਂ ਦੋ ਭੈਣਾਂ ਬੀਬੀ ਰਾਮ ਕੌਰ ਤੇ ਸਾਹਿਬ ਕੌਰ ਅਤੇ ਭਾਈ ਬੁਧ ਸਿੰਘ ਜੀ ਸਨ, ਬਾਅਦ ਵਿਚ ਗੁਰੂ ਹਰੀ ਸਿੰਘ ਜ਼ੀ ਦੇ ਨਾਮ ਨਾਲ ਜਗਤ ਵਿਖਿਆਤ ਹੋਏ ।

ਅਨੰਦ ਕਾਰਜ : ਸੱਤ੍ਹ ਕੁ ਸਾਲ ਦੀ ਉਮਰ ਵਿਚ ਆਪ ਦਾ ਅਨੰਦ ਕਾਰਜ ਪਿੰਡ ਧਰੌੜ੍ਹੀ ਦੇ ਸਾਹਬੂ ਜੀ ਦੀ ਸਪੁਤਰੀ ਮਾਤਾ ਜੱਸਾਂ ਜੀ ਨਾਲ ਹੋਇਆ ।

ਔਲਾਦ : ਆਪ ਜੀ ਦੇ ਘਰ ਇਕ ਲੜਕੇ ਦਾ ਜਨਮ ਹੋਇਆ ਜੋ ਚੜ੍ਹਾਈ ਕਰ ਗਿਆ । ਫੇਰ ਦੋ ਲੜਕੀਆਂ ਦਾ ਜਨਮ ਹੋਇਆ ਜਿਨ੍ਹਾਂ ਦੇ ਨਾਮ ਬੀਬੀ ਨੰਦਾ ਤੇ ਬੀਬੀ ਦਇਆ ਕੌਰ ਸੀ ।

ਪ੍ਰਸ਼ਨ : ਸਤਿਗੁਰੂ ਰਾਮ ਸਿੰਘ ਜੀ ਨੇ ਕਿਸ ਦੀ ਫੌਜ ਵਿਚ ਕਿੰਨੇ ਸਮੇਂ ਲਈ ਨੌਕਰੀ ਕੀਤੀ ।

ਉੱਤਰ : ਜਦੋਂ ਆਪ 22 ਕੁ ਸਾਲਾਂ ਦੇ ਸਨ ਤਾਂ ਆਪਣੇ ਭਣਵਈਏ ਕਾਬੁਲ ਸਿੰਘ ਦੇ ਨਾਲ ਜਾ ਕੇ ਕੰਵਰ ਨੌ ਨਿਹਾਲ ਸਿੰਘ ਦੀ ਪੈਦਲੀ ਫੌਜ ਵਿਚ ਭਰਤੀ ਹੋ ਗਏ । ਕਰੀਬ ਕਰੀਬ 8 ਕੁ ਸਾਲ ਦੀ ਨੌਕਰੀ ਕਰ ਕੇ ਸੰਨ 1845 ਵਿਚ ਵਾਪਿਸ ਸ੍ਰੀ ਭੈਣੀ ਸਾਹਿਬ ਆ ਗਏ ।

ਪ੍ਰਸ਼ਨ : ਸਤਿਗੁਰੂ ਰਾਮ ਸਿੰਘ ਜੀ ਜਦੋਂ ਮੁੜ ਖੰਡੇ ਦਾ ਅੰਮ੍ਰਿਤ ਛਕਾਇਆ ਤਾਂ ਉਸ ਵੇਲੇ ਸਿਖਾਂ ਦੇ ਕੀ ਹਾਲਾਤ ਸਨ ।

ਉੱਤਰ : ਸਿਖ ਮਿਸਲਾਂ ਦਾ ਬਹੁਤਾ ਰੁਝਾਨ ਆਪਿਸ ਵਿਚ ਲੜਨਾ ਹੀ ਸੀ । ਭਾਵੇਂ ਕਿ ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੀ ਤਾਕਤ ਤੇ ਅਕਲ-ਸਿਆਣਪ ਸਦਕਾ ਇਨ੍ਹਾਂ ਸਿਖ ਮਿਸਲਾਂ ਨੂੰ ਇਕੱਠਾ ਕਰ ਲਿਆ ਸੀ ਪਰ ਉਨ੍ਹਾਂ ਦੇ ਜਾਣ ਤੋਂ ਬਾਅਦ ਆਪਸੀ ਫੁਟ, ਭਰਾ ਮਾਰੂ ਜੰਗ ਨੇ ਸਦਾ ਲਈ ਅੰਗਰੇਜ਼ ਦਾ ਗੁਲਾਮ ਬਣਾ ਦਿਤਾ । ਹੁਣ ਫਿਰ ਸਿਖ ਦੇਸ਼ ਧ੍ਰੋਹੀ, ਕੌਮ ਘਾਤਕ, ਵਿਭਚਾਰ, ਇਖਲਾਕ ਤੇ ਧਰਮ ਹੀਣ ਹੋ ਗਏ ਸਨ ਜਿਸ ਦੇ ਬਾਰੇ ਗਿਆਨੀ ਗਿਆਨ ਸਿੰਘ ਜੀ ਬੜੇ ਸਪਸ਼ਟ ਸ਼ਬਦਾਂ ਵਿਚ ਹਾਲਾਤ ਨੂੰ ਇੰਝ ਬਿਆਨਦੇ ਹਨ :—

ਔਰੈ ਰੀਤ ਔਰੈ ਮੀਤ ਔਰੈ ਪ੍ਰਤੀਤ ਪ੍ਰੀਤ,
ਖਾਨ ਪਹਿਰਾਨ ਗਯਾਨ ਮਾਨ ਔਰੈ ਜਨ ਕੇ ।
ਝਾਰੇ ਦਸਤਾਰੇ ਸਾਫੇ ਧਾਰੇ ਹੈਂ ਸੰਭਾਰੇ ਅਛੈਂ,
ਕਛੈਂ ਤਜ ਗਏ ਧੋਤੀ ਸੁਥੂ ਤੰਗ ਤਨ ਕੇ ।
ਧਾਰੇ ਹੈਂ ਗਰਾਰੇ ਤੰਬੇ ਤਹਿਮਤ ਅਧਿਕ ਲੰਬੇ,
ਜਿਨ੍ਹੈ ਦੇਖ ਸਿਖੀ ਗਊ ਕੰਬੇ ਤੁਰਕ ਗਨ ਕੇ ।
ਸਿਖੀ ਦਸਮੇਸ ਕੀ ਸੁਕੀ ਅਪਰਦੇਸ ਕੀ,
ਅਸਿਖੀ ਪਰੀ ਪੇਸ਼ਗੀ ਛਨਾਰ ਬਨ ਛੰਨ ਕੇ ।

ਧਰਮ ਅਸਥਾਨ ਵਿਭਚਾਰ ਦਾ ਕੇਂਦਰ ਬਣ ਚੁਕੇ ਸਨ, ਗੁਰਮਤਿ ਦੀ ਥਾਂ ਮਨਮਤ ਨੇ ਲੈ ਲਈ ਸੀ, ਧਰਮ ਪ੍ਰਚਾਰ ਤਾਂ ਉੱਕਾ ਹੀ ਖਤਮ ਹੋ ਚੁੱਕਾ ਸੀ, ਸ੍ਰੀ ਗਰੰਥ ਸਾਹਿਬ ਦੀਆਂ ਬੀੜਾਂ ਨੂੰ ਅਲਮਾਰੀਆਂ ਵਿਚ ਪਿਆਂ ਹੀ ਉੱਲੀ ਤੇ ਸਿਉਂਕ ਲਗ ਚੁਕੀ ਸੀ, ਵੇਸਵਾ ਦੇ ਡੇਰਿਆਂ ਵਿਚ ਮਹਿਫਲਾਂ ਦਾ ਬੋਲਬਾਲਾ ਹੋਣ ਲਗ ਪਿਆ ਸੀ । ਸਿਖ ਰਹੁ-ਰੀਤ ਤੋਂ ਬਹੁਤ ਦੂਰ ਹੋ ਚੁਕੇ ਸਨ ਭਾਵ ਸਿਖੀ ਵਾਲੀ ਕੋਈ ਗਲ ਉਨ੍ਹਾਂ ਵਿਚ ਨਜ਼ਰ ਨਹੀਂ ਪੈਂਦੀ ਸੀ । ਇਸ ਬਾਰੇ ਗਿਆਨੀ ਗਿਆਨ ਸਿੰਘ ਜੀ ਬੜੇ ਸਪਸ਼ਟ ਸ਼ਬਦਾਂ ਵਿਚ ਲਿਖਦੇ ਹਨ :—

ਕੋਈ ਬਾਰ ਪਾਰੈਂ ਓਚੈਂ ਨਾਕ ਨੋਚੈਂ ਮੋਚਨੇ ਲੈ,
ਕੋਈ ਖੋਚੈਂ ਲੱਤਨ ਕੋ ਸੋਚੈ ਨਾ ਲਿਖਾਇ ਹੈਂ।
ਕੋਊ ਦਾੜ੍ਹੇ ਹੀ ਉਖਾੜੈਂ ਮੂਛੇ ਪਾਜੇ ਝਾੜਨ ਜਿਉਂ,
ਪੂਚੇ ਸੇਤ ਛਾੜੈਂ ਕੋਊ ਸਾੜੇ ਦਵਾ ਲਾਇ ਹੈ।
ਬਗਲੇ ਉਖਾਰੈਂ ਕੋਊ ਭੌਹੈਂ ਸੋਹੈਂ ਕੀ ਉਖਾਰੈਂ,
ਨਾਸਕਾ ਕੋ ਫਾਰੈਂ ਹਾਥ ਮਾਥ ਪੈ ਚਲਾਇ ਹੈਂ।
ਸਿਖਨ ਕੇ ਪੂਤ ਮਜ਼ਬੂਤ ਸਿੰਘ ਨਾਮ ਵਾਰੇ,
ਹਾਇ ਵੇ ਕਸਾਈ ਰਹੇ ਸਿਖੀ ਗਊ ਘਾਇ ਹੈਂ।

ਇਨ੍ਹਾਂ ਉਪ੍ਰੋਕਤ ਹਾਲਾਤਾਂ ਨੂੰ ਵੇਖਦਿਆਂ ਹੋਇਆਂ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਮੁਰਝਾ ਚੁਕੀ ਸਿਖੀ ਨੂੰ ਮੁੜ ਸੁਰਜੀਤ ਕਰਨ ਲਈ ਹੀ 12 ਅਪ੍ਰੈਲ 1857 ਨੂੰ ਵਿਸਾਖੀ ਵਾਲੇ ਦਿਨ ਸ਼੍ਰੀ ਭੈਣੀ ਸਾਹਿਬ ਵਿਖੇ ਖੰਡੇ ਦਾ ਅੰਮ੍ਰਿਤ ਤਿਆਰ ਕਰ ਪੰਜਾਂ ਸਿਖਾਂ ਨੂੰ ਅੰਮ੍ਰਿਤ ਛਕਾ ਕੇ ਸੰਤ ਖਾਲਸਾ ਦੀ ਸਾਜਣਾ ਕੀਤੀ।

ਪ੍ਰਸ਼ਨ : ਭਾਈ ਰਾਇ ਸਿੰਘ ਬਾਰੇ ਸੰਖੇਪ ਜਾਣਕਾਰੀ ਲਿਖੋ।

ਉੱਤਰ : ਅਠ੍ਹਾਰਵੀਂ ਸਦੀ ਸਿੱਖਾਂ ਲਈ ਜੰਗਾਂ-ਜੁਧਾਂ ਦਾ ਸਮਾਂ ਸੀ। ਮੁਗਲ ਹਕੂਮਤ ਨਾਲ ਟੱਕਰ ਲੈਂਦਿਆਂ ਸਿੱਖ ਸ਼ਹਿਰਾਂ ਤੋਂ ਦੂਰ ਜੰਗਲ-ਪਹਾੜਾਂ ਵਿਚ ਹੀ ਜ਼ਿਆਦਾਤਰ ਵਿਚਰਦੇ ਸਨ। ਉਸ ਅਤਿ ਔਖੇ ਸਮੇਂ ਵਿਚ ਸਿੱਖ ਧਰਮ ਤੇ ਦ੍ਰਿੜ ਰਹੇ ਅਤੇ ਅਣ-ਗਿਣਤ ਕੁਰਬਾਨੀਆਂ ਦਿਤੀਆਂ। ਲੇਕਿਨ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਨਸੀਬ ਹੋਏ ਅਮਨ-ਚੈਨ ਸਦਕਾ ਸਿੱਖ ਆਪਣੇ ਧਰਮ ਪ੍ਰਤੀ ਗਾਫ਼ਿਲ ਹੋ ਗਿਆ। ਸਿੱਖੀ ਪ੍ਰੰਪਰਾ-ਮਰਯਾਦਾ ਅਲਗ ਅਲਗ ਥਾਵਾਂ ਤੇ ਅੱਡ ਅੱਡ ਰੂਪਾਂ ਵਿਚ ਨਜ਼ਰ ਆ ਰਹੀ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 'ਸੰਤ ਖਾਲਸਾ' ਸਾਜਣ ਤੋਂ ਬਾਅਦ ਪੰਜਾਬ ਵਿਚ ਥਾਂ-ਥਾਂ ਦੌਰੇ ਕਰਕੇ ਸਿੱਖਾਂ ਨੂੰ ਮੁੜ ਧਰਮ-ਕਰਮ ਵਲ ਪ੍ਰੇਰਿਆ। ਏਸੇ ਸਮੇਂ ਦੌਰਾਨ ਸੰਨ 1862 (ਸੰਮਤ 1919 ਬਿ:) ਵਿਚ ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਭਾਈ ਰਾਇ ਸਿੰਘਾਂ ਨੂੰ ਸ੍ਰੀ ਹਜ਼ੂਰ ਸਾਹਿਬ (ਨੰਦੇੜ) ਜਾ ਕੇ ਸਿੱਖੀ ਰਹੁਰੀਤ ਅਤੇ ਲੰਗਰ ਦੀ ਮਰਯਾਦਾ ਬਾਰੇ ਜਾਣਕਾਰੀ ਕਰਨ ਲਈ ਭੇਜਿਆ।

ਭਾਈ ਰਾਇ ਸਿੰਘ ਦਾ ਜਨਮ ਸੰਨ 1820 ਈਸਵੀ (ਸੰਮਤ 1879 ਬਿ: ਨੂੰ ਫਿਰੋਜ਼ਪੁਰ ਜ਼ਿਲੇ ਦੇ ਇਕ ਪਿੰਡ ਮਦੀਰ ਵਿਚ ਹੋਇਆ। ਭਾਈ ਸਾਹਿਬ ਦਾ ਪਹਿਲਾ ਨਾਂ ਭੂਪ ਸਿੰਘ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਇ ਸਿੰਘ ਦਾ ਨਾਂ ਅੰਮ੍ਰਿਤ ਛਕਾਉਣ ਤੋਂ ਬਾਅਦ ਰਖਿਆ ਸੀ।

ਬਚਪਨ ਤੋਂ ਹੀ ਭੂਪ ਸਿੰਘ ਜਗਿਆਸੂ ਸੁਭਾਵ ਦੇ ਸਨ ਅਤੇ ਸਾਧੂ-ਸੰਤਾਂ ਦੀ ਸੰਗਤ ਕਰਿਆ ਕਰਦੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਗੁਜ਼ਰ ਜਾਣ ਤੋਂ ਬਾਅਦ ਅੰਗਰੇਜ਼ਾਂ-ਸਿੱਖਾਂ ਦੀ ਲੜਾਈ ਸਮੇਂ ਲਗਭਗ 26 ਸਾਲ ਦੀ ਉਮਰੇ ਹੀ ਆਪ ਪਿੰਡ ਛਡ ਸ੍ਰੀ ਅੰਮ੍ਰਿਤਸਰ ਗਿਆਨ ਪ੍ਰਾਪਤੀ ਲਈ ਆ ਗਏ। ਪਰ ਮਨ ਨੂੰ ਠੰਡ ਨਾ ਪਈ। ਕੁਝ ਸਮੇਂ ਬਾਅਦ ਲਗਭਗ 1858 ਈ: ਵਿਚ ਭਾਈ ਸਾਹਿਬ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਅੰਮ੍ਰਿਤਸਰ ਵਿਚ ਦਰਸ਼ਨ ਦਿਤੇ ਅਤੇ ਸ੍ਰੀ ਭੈਣੀ ਸਾਹਿਬ ਪੁਜਣ ਲਈ ਕਿਹਾ। ਭਾਈ ਸਾਹਿਬ ਸ੍ਰੀ ਸਤਿਗੁਰੂ ਦੇ ਚਰਨਾਂ ਵਿਚ ਪੁਜੇ ਅਤੇ ਅੰਮ੍ਰਿਤ ਛਕ ਕੇ ਭੂਪ ਸਿੰਘ ਤੋਂ ਭਾਈ ਰਾਇ ਸਿੰਘ ਬਣ ਗਏ।

ਸੰਨ 1862 ਈ: (1919 ਬਿ:) ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਇ ਸਿੰਘ ਨੂੰ ਨੰਦੇੜ,

ਹਜ਼ੂਰ ਸਾਹਿਬ ਸਿੱਖੀ ਰਹੁ ਰੀਤ ਅਤੇ ਲੰਗਰ ਦੀ ਮਰਯਾਦਾ ਦੀ ਜਾਣਕਾਰੀ ਲੈਣ ਭੇਜਿਆ ਅਤੇ ਆਪਣੇ ਸੇਵਕ ਨੂੰ ਹਰ ਸਮੇਂ ਅੰਗ-ਸੰਗ ਸਹਾਈ ਹੋਣ ਦਾ ਭਰੋਸਾ ਦਿਤਾ।

ਹਜ਼ੂਰ ਸਾਹਿਬ ਜਾਂਦਿਆਂ ਰਸਤੇ ਵਿਚ ਮਧ-ਪ੍ਰਦੇਸ਼ ਦੇ ਜੰਗਲਾਂ ਵਿਚ ਭਾਈ ਰਾਇ ਸਿੰਘ ਨੂੰ ਸ਼ੇਰ ਤੋਂ ਪ੍ਰਤਖ ਸਹਾਈ ਹੋ ਸ੍ਰੀ ਸਤਿਗੁਰੂ ਜੀ ਨੇ "ਰਾਖਤ ਹੈ ਦੈ ਕਰ, ਅਪਨਾ ਕਰ" ਵਾਲੀ ਗਲ ਪੂਰੀ ਕੀਤੀ। ਭਾਈ ਰਾਇ ਸਿੰਘ ਜੀ ਤਿੰਨ ਕੁ ਮਹੀਨੇ ਸ੍ਰੀ ਹਜ਼ੂਰ ਸਾਹਿਬ ਰਹੇ ਅਤੇ ਉਥੇ ਕਥਾ ਵੀ ਕਰਦੇ ਰਹੇ। ਭਾਈ ਸਾਹਿਬ ਲਗਭਗ ਅਕਤੂਬਰ 1862 ਈ: ਵਿਚ ਵਾਪਸ ਆਪਣੇ ਸਤਿਗੁਰੂ ਦੇ ਚਰਨਾਂ ਵਿਚ ਸ੍ਰੀ ਭੈਣੀ ਸਾਹਿਬ ਪੁਜ ਗਏ।

ਕੁਝ ਸਮਾਂ ਸ੍ਰੀ ਭੈਣੀ ਸਾਹਿਬ ਰਹਿਣ ਉਪ੍ਰੰਤ ਭਾਈ ਜੀ ਵਾਪਸ ਆਪਣੇ ਪਿੰਡ ਮਦੀਰ ਚਲੇ ਗਏ ਅਤੇ ਖੇਤੀ ਕਰਦੇ ਰਹੇ। ਭਾਈ ਰਾਇ ਸਿੰਘ ਜੀ ਨੇ ਸਾਰੀ ਉਮਰ ਸੋਧ-ਮਰਯਾਦਾ ਰਖੀ ਅਤੇ 86 ਸਾਲ ਦੀ ਉਮਰ ਭੋਗ ਕੇ ਸੰਨ 1906 ਈ: ਵਿਚ ਚੜ੍ਹਾਈ ਕੀਤੀ।

ਪ੍ਰਸ਼ਨ : 'ਸੰਤ ਖਾਲਸਾ' ਦੀ ਸਾਜਣਾ ਤੋਂ ਬਾਅਦ ਸੰਨ 1863 ਤਕ ਦੇ ਛੇ ਸਾਲਾਂ ਬਾਰੇ ਸੰਖੇਪ ਵਿਚ ਲਿਖੋ।

ਉੱਤਰ : 12 ਅਪ੍ਰੈਲ ਸੰਨ 1857 ਈ: (1 ਵੈਸਾਖ 1914 ਬਿ:) ਵਾਲੇ ਦਿਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਂ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਧਰਮ ਪ੍ਰਚਾਰ ਸ਼ੁਰੂ ਕਰ ਦਿਤਾ। ਇਹ ਇਹੋ ਜਿਹਾ ਵਕਤ ਸੀ ਜਦ ਗੁਰੂ ਦਸ਼ਮੇਸ਼ ਪਿਤਾ ਦੀ ਸਿਖੀ ਮਰਯਾਦਾ ਅਤੇ ਰਹੁ ਰੀਤ ਨੂੰ ਲੋਕ ਗਾਫਿਲ ਹੋ ਕੇ ਵਿਸਾਰੀ ਬੈਠੇ ਸਨ। ਸਦੀਆਂ ਬਾਅਦ ਖਾਲਸਾ ਰਾਜ ਸਮੇਂ ਨਸੀਬ ਹੋਏ ਅਮਨ ਚੈਨ ਸਦਕਾ ਸਿੱਖ ਗਾਫਿਲ ਹੋ ਕੇ ਆਪਣੇ ਅਸੂਲਾਂ ਤੋਂ ਦੂਰ ਹੋ ਗਏ ਸਨ। ਇਸ ਪਾਸੇ ਸ੍ਰੀ ਸਤਿਗੁਰੂ ਜੀ ਨੇ ਵਿਸ਼ੇਸ਼ ਧਿਆਨ ਦਿਤਾ ਅਤੇ ਲੋਕਾਂ ਨੂੰ ਠੀਕ ਰਾਹੇ ਪਾਉਣ ਲਈ ਪੰਜਾਬ ਵਿਚ ਥਾਂ-ਥਾਂ ਦੌਰੇ ਕਰਨੇ ਸ਼ੁਰੂ ਕਰ ਦਿਤੇ। ਲੋਕਾਂ ਨੂੰ ਮਨਮਤ ਤੋਂ ਵਰਜਿਆ ਅਤੇ ਗੁਰਮਤ ਵਲ ਲਾਇਆ। ਘਰਾਂ ਵਿਚੋਂ ਬੰਦ ਅਲਮਾਰੀਆਂ ਵਿਚ ਸਿਉਂਕ ਲਗ ਰਹੀਆਂ ਸ੍ਰੀ ਆਦਿ ਗਰੰਥ ਦੀਆਂ ਬੀੜਾਂ ਕਢਵਾ ਕਢਵਾ ਕੇ ਲੋਕਾਂ ਨੂੰ ਗੁਰਬਾਣੀ ਪੜ੍ਹਨ, ਨਾਮ ਸਿਮਰਨ ਕਰਨ ਅਤੇ ਗੁਰਬਾਣੀ ਦਾ ਅਦਬ ਕਰਨਾ ਸਿਖਾਇਆ। ਸ੍ਰੀ ਸਤਿਗੁਰੂ ਜੀ ਨੇ ਆਪ ਸ੍ਰੀ ਆਦਿ ਗਰੰਥ ਦੀਆਂ ਪੋਥੀਆਂ ਤੋਂ ਮਿਟੀ ਘਟਾ ਝਾੜ, ਸਾਫ ਕਰ ਕੇ ਪ੍ਰਕਾਸ਼ ਕਰ ਲੋਕਾਂ ਨੂੰ ਇਸ ਕੰਮ ਵਲ ਲਾਇਆ। ਥਾਂ-ਥਾਂ ਦੇ ਦੌਰਿਆਂ ਵਿਚ ਲੋਕ ਵਡੀ ਗਿਣਤੀ ਵਿਚ ਪੁਜਦੇ ਅਤੇ ਸਤਿਗੁਰੂ ਜੀ ਦਾ ਉਪਦੇਸ਼ ਸੁਣਦੇ। ਲੋਕਾਂ ਦੇ ਮਨਾਂ ਵਿਚ ਇੰਝ ਚੇਤਨਾ ਆਉਣ ਲਗ ਪਈ ਜਿਵੇਂ ਪਾਣੀ ਦੀ ਥੁੜ ਮਾਰੀ ਖੇਤੀ ਮੀਂਹ ਪੈਣ ਤੇ ਹਰੀ ਹੋ ਉਠਦੀ ਹੈ। ਲੋਕਾਂ ਨੂੰ ਸਤਿਗੁਰੂ ਜੀ ਨੇ ਭੈੜਿਆਂ ਕੰਮਾਂ ਵਲੋਂ ਹਟਾ ਕੇ ਚੰਗੇ ਪਾਸੇ ਲਾਇਆ। ਮਾਸ, ਸ਼ਰਾਬ, ਚੋਰੀ, ਝੂਠ, ਬਿਆਜ ਲੈਣ, ਕੁੜੀਆਂ ਮਾਰਨ ਅਤੇ ਇਸ ਤਰ੍ਹਾਂ ਦੀਆਂ ਹੋਰ ਕਈ ਸਮਾਜਿਕ ਕੁਰੀਤੀਆਂ ਤੋਂ ਲੋਕਾਂ ਨੂੰ ਉਪਦੇਸ਼ ਦੇ ਦੇ ਕੇ ਹਟਾਇਆ। ਹਾਲਾਂਕਿ ਇਕ ਵੇਰ ਫੇਰ ਸਤਿਜੁਗੀ ਸਮਾਂ ਨਜ਼ਰੀਂ ਪੈਣ ਲਗ ਪਿਆ।

1857 ਈ: ਤੋਂ 1863 ਈ: ਤਕ ਦੇ ਸਮੇਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਲੁਧਿਆਣਾ, ਅੰਬਾਲਾ, ਜਲੰਧਰ, ਫਿਰੋਜ਼ਪੁਰ, ਅੰਮ੍ਰਿਤਸਰ, ਸਿਆਲਕੋਟ ਆਦਿ ਜ਼ਿਲ੍ਹਿਆਂ ਦਾ ਦੌਰਾ ਕੀਤਾ ਅਤੇ ਅਨੇਕਾਂ ਲੋਕਾਂ ਨੂੰ ਸਦ ਮਾਰਗ ਤੇ ਪਾਇਆ। ਲੋਗ ਵਡੀ ਗਿਣਤੀ ਵਿਚ ਨਾਮਧਾਰੀ ਸਜਣ ਲਗ ਪਏ।

ਸੰਨ 1858 ਈ: ਵਿਚ ਸ੍ਰੀ ਸਤਿਗੁਰੂ ਜੀ ਨੇ ਹਜ਼ਰੋਂ ਸਾਹਿਬ ਦਾ ਦੌਰਾ ਕੀਤਾ ਅਤੇ ਸਤਿਗੁਰੂ ਬਾਲਕ ਸਿੰਘ ਦੇ ਦਰਸ਼ਨ ਕੀਤੇ। ਏਸੇ ਸਾਲ ਹੀ ਮਾਈ ਸਾਹਬੋ ਸਤਿਗੁਰੂ ਜੀ ਦੇ ਚਰਨਾਂ ਵਿਚ ਆਈ।

ਸੰਨ 1859 ਦੀ ਦੀਵਾਲੀ ਸ੍ਰੀ ਅੰਮ੍ਰਿਤਸਰ ਕੀਤੀ ਅਤੇ ਅਗਲੇ ਸਾਲ 1860 ਈ: ਵਿਚ ਸਰਦਾਰ ਮੰਗਲ ਸਿੰਘ ਸਤਿਗੁਰੂ ਜੀ ਦੇ ਚਰਨਾਂ ਵਿਚ ਆਇਆ। ਸੰਨ 1861 ਈ: ਵਿਚ ਅਰਧ-ਕੁੰਭੀ ਦੇ ਮੇਲੇ ਸ੍ਰੀ ਸਤਿਗੁਰੂ ਜੀ

ਪ੍ਰਵਾਰ ਸਮੇਤ ਉਥੋ ਸਿੱਖਾਂ ਨਾਲ ਹਰਿਦੁਆਰ ਗਏ ਅਤੇ ਸੰਨ 1862 ਈ: ਦੀ ਮਾਘੀ ਮੁਕਤਸਰ ਕੀਤੀ। ਏਸੇ ਸਾਲ ਸਤਿਗੁਰੂ ਜੀ ਨੇ ਭਾਈ ਰਾਇ ਸਿੰਘ ਨੂੰ ਹਜ਼ੂਰ ਸਾਹਿਬ ਭੇਜਿਆ ਅਤੇ ਦੀਵਾਲੀ ਅੰਮ੍ਰਿਤਸਰ ਕੀਤੀ। ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਜੋਤੀ-ਜੋਤ ਸਮਾਉਣ ਦੀ ਖਬਰ ਸੁਣ ਕੇ ਆਪ ਜੀ ਹਜ਼ਰੋ ਸਾਹਿਬ ਨੂੰ ਤੁਰੇ ਅਤੇ ਰਸਤੇ ਵਿਚ ਵਜ਼ੀਰਾਬਾਦ ਦੀ ਥਾਂ ਤੇ ਹੀ ਸਤਿਗੁਰੂ ਬਾਲਕ ਸਿੰਘ ਜੀ ਦੇ ਵਡੇ ਭਾਈ ਮੰਨਾ ਸਿੰਘ ਜੀ ਫੁਲ ਲਿਆਉਂਦੇ ਮਿਲੇ।

ਉਥੇ ਹੀ ਵਾਪਸ ਪਰਤਦਿਆਂ ਸਿਆਲਕੋਟ, ਅੰਮ੍ਰਿਤਸਰ, ਕਪੂਰਥਲਾ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦਾ ਦੌਰਾ ਕੀਤਾ। ਇਸ ਦੌਰਾਨ ਵੈਸਾਖੀ ਸ੍ਰੀ ਅੰਮ੍ਰਿਤਸਰ ਕੀਤੀ।

ਮਾਈਆਂ ਨੂੰ ਸਿਆੜ ਵਿਖੇ ਅੰਮ੍ਰਿਤ ਛਕਾ ਕੇ ਸਤਿਗੁਰੂ ਜੀ 2 ਜੂਨ ਨੂੰ ਪਿੰਡ ਖੋਟੀਂ ਪੁਜ ਗਏ ਅਤੇ ਅਗਲੇ ਦਿਨ ਅਨੰਦ ਕਾਰਜ ਦੀ ਮਹਾਨ ਰਸਮ ਤੋਰੀ।

ਪੰਡਤਾਂ ਦੇ ਰੌਲਾ ਪਾਉਣ ਅਤੇ ਝੂਠੀਆਂ ਸ਼ਿਕਾਇਤਾਂ ਕਰਨ ਤੇ ਸਰਕਾਰ ਨੇ ਸਤਿਗੁਰੂ ਜੀ ਨੂੰ ਜੂਨ 1863 ਵਿਚ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦ ਕਰ ਦਿਤਾ। ਏਸੇ ਸਾਲ ਸਤਿਗੁਰੂ ਜੀ ਨੇ ਸੂਬੇ ਥਾਪ ਕੇ ਪ੍ਰਚਾਰ ਦੀ ਮੁਹਿੰਮ ਜਾਰੀ ਰਖੀ। ਸੰਨ 1863 ਈ: ਵਿਚ ਸ੍ਰੀ ਭੈਣੀ ਸਾਹਿਬ ਵਿਖੇ "ਸਦਾ ਵਰਤ" ਲੰਗਰ ਸ਼ੁਰੂ ਕੀਤਾ ਜੋ ਹੁਣ ਤਕ ਜਾਰੀ ਹੈ।

ਇਹਨਾਂ ਦਿਨਾਂ ਵਿਚ ਹੀ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ 'ਰਹਿਤ ਨਾਮਾ" ਸੰਗਤਾਂ ਦੇ ਨਾਂ ਲਿਖਿਆ।

(ਨੋਟ - ਇਹ ਰਚਨਾਵਾਂ "ਜੁਗ ਪਲਟਾਊ ਸਤਿਗੁਰੂ" ਪੁਸਤਕ ਦੇ ਪੰਨਾ 71 ਤੇ ਦਰਜ ਹੈ ਅਤੇ 'ਨਾਮਧਾਰੀ ਨਿਤਨੇਮ ਗੁਟਕੇ" ਵਿਚੋਂ ਵੀ ਪੜ੍ਹਿਆ ਜਾ ਸਕਦਾ ਹੈ।)

ਪ੍ਰਸ਼ਨ : ਨਜ਼ਰਬੰਦੀ ਦੇ ਚਾਰ ਸਾਲਾਂ (186?-1867 ਈ:) ਤੇ ਸੰਖੇਪ ਨੋਟ ਲਿਖੋ।

ਉੱਤਰ : ਜੂਨ 1863 ਈ: ਵਿਚ ਅੰਗਰੇਜ਼ ਸਰਕਾਰ ਨੇ ਕਈ ਤਰ੍ਹਾਂ ਦੇ ਬਹਾਨੇ ਬਣਾ ਕੇ ਸ੍ਰੀ ਸਤਿਗੁਰੂ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦ ਕਰ ਦਿਤਾ ਅਤੇ ਥਾਂ ਥਾਂ ਨਾਮਧਾਰੀਆਂ ਦੇ ਪ੍ਰਚਾਰ ਤੇ ਪਾਬੰਦੀ ਲਗਾ ਦਿਤੀ। ਪ੍ਰਚਾਰ ਦੀ ਲੋੜ ਨੂੰ ਮੁਖ ਰਖਦਿਆਂ ਸਤਿਗੁਰੂ ਜੀ ਨੇ ਪਹਿਲਾਂ ਪੰਜ ਸੂਬੇ ਨਿਯੁਕਤ ਕੀਤੇ। ਇਹ ਸੂਬੇ ਜ਼ਿਆਦਾਤਰ ਸ੍ਰੀ ਭੈਣੀ ਸਾਹਿਬ ਰਹਿੰਦੇ ਸਨ ਅਤੇ ਪਾਬੰਦੀਆਂ ਅਧੀਨ ਉਨ੍ਹਾਂ ਦਾ ਬਾਹਰ ਪ੍ਰਚਾਰ ਲਈ ਜਾਣਾ-ਆਣਾ ਔਖਾ ਸੀ. ਇਸ ਲਈ ਸਤਿਗੁਰੂ ਜੀ ਨੇ ਥਾਂ-ਥਾਂ ਤੇ ਪ੍ਰਚਾਰ ਲਈ ਸਤਾਰਾਂ ਸੂਬੇ ਹੋਰ ਨਿਯੁਕਤ ਕਰ ਦਿਤੇ। ਇਸ ਤਰ੍ਹਾਂ ਕੁਲ ਬਾਈ ਸੂਬੇ ਥਾਪੇ ਗਏ। ਪਾਬੰਦੀਆਂ ਦੇ ਬਾਵਜੂਦ ਇਨ੍ਹਾਂ ਪ੍ਰਚਾਰਕਾਂ ਨੇ ਆਪਣਾ ਕੰਮ ਬਹੁਤ ਸਿਆਣਪ ਨਾਲ ਕੀਤਾ ਅਤੇ ਪੰਜਾਬ ਭਰ ਵਿਚ ਥਾਂ-ਥਾਂ ਜਾ ਕੇ ਸੁਦੇਸੀ, ਬਦੇਸੀ ਵਸਤਾਂ ਤੋਂ ਸੰਕੋਚ ਕਰਨ ਅਤੇ ਖਦਰ ਪਾਉਣ, ਸਾਦੇ ਰਹਿਣ, ਨਾਮ ਸਿਮਰਨ ਕਰਨ ਅਤੇ ਸੁਚੱਜੇ ਆਚਰਣ ਦਾ ਪ੍ਰਚਾਰ ਕੀਤਾ। ਇਸ ਦਾ ਅਸਰ ਇਹ ਹੋਇਆ ਕਿ ਲੋਕ ਵਡੀ ਗਿਣਤੀ ਵਿਚ ਨਾਮਧਾਰੀ ਸਜ ਗਏ ਅਤੇ ਇਸ ਤਰ੍ਹਾਂ ਗਿਣਤੀ ਸਤ ਲਖ ਤੋਂ ਉਪਰ ਤਕ ਜਾ ਪਹੁੰਚੀ।

ਮੜ੍ਹੀਆਂ, ਮਸੀਤਾਂ ਆਦਿ ਤੋਂ ਲੋਕਾਂ ਦਾ ਵਿਸ਼ਵਾਸ ਹਟ ਗਿਆ ਅਤੇ ਥਾਂ-ਥਾਂ ਗੁਗੇ ਪੂਜਣੇ ਬੰਦ ਕਰ ਦਿਤੇ, ਸਮਾਧਾਂ-ਮੜ੍ਹੀਆਂ ਆਦਿ ਢਾਹ ਦਿਤੀਆਂ। ਲੋਕਾਂ ਵਿਚ ਚੇਤਨਾ ਵਧਦੀ ਗਈ ਅਤੇ ਅੰਗਰੇਜ਼ਾਂ ਦੇ ਰਾਜ ਵਿਰੁਧ, ਪੰਜਾਬ ਭਰ ਵਿਚ, ਮਹੌਲ ਬਣਨ ਲਗ ਪਿਆ।

ਸੰਨ 1866 ਦਾ ਹੋਲਾ ਖੋਟੀ ਕੀਤਾ ਗਿਆ ਅਤੇ ਸਤਿਗੁਰੂ ਰਾਮ ਸਿੰਘ ਜੀ ਪਾਬੰਦੀਆਂ ਦੀ ਪ੍ਰਵਾਹ

ਨਾ ਕਰਦਿਆਂ ਖੋਟੀ ਪੁਜੇ । ਇੰਝ ਪਿੰਡ ਖੋਟੇ ਦਾ ਹੋਲਾ ਨਾਮਧਾਰੀ ਇਤਿਹਾਸ ਵਿਚ ਪਹਿਲਾ ਹੋਲਾ ਗਿਣਿਆ ਜਾਂਦਾ ਹੈ ।

ਪ੍ਰਸ਼ਨ : 1867 ਈ: ਅਨੰਦਪੁਰ ਦੇ ਹੋਲੇ ਤੇ ਸੰਖੇਪ ਨੋਟ ਲਿਖੋ ।

ਉੱਤਰ : ਸੰਨ 1866 ਈ: ਦਾ ਹੋਲਾ ਸਰਕਾਰੀ ਪਾਬੰਦੀਆਂ ਦੀ ਪ੍ਰਵਾਹ ਨਾ ਕਰਦਿਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪਿੰਡ ਖੋਟੀ ਕੀਤਾ ਸੀ । ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ ਪਰ ਉਸੇ ਸਾਲ ਦੀਵਾਲੀ ਤੇ ਅੰਮ੍ਰਿਤਸਰ ਅਤੇ ਮਾਘੀ 1867 ਈ; ਨੂੰ ਮੁਕਤਸਰ ਜਾਣ ਤੋਂ ਰੋਕ ਦਿਤਾ । ਆਪ ਜੀ ਨੇ ਸੰਨ 1867 ਈ: ਦੇ ਹੋਲੇ ਦੇ ਅਵਸਰ ਤੇ ਸ੍ਰੀ ਅਨੰਦਪੁਰ ਜਾਣ ਦਾ ਮਨ ਬਣਾ ਲਿਆ ਅਤੇ ਥਾਂ-ਥਾਂ ਤੇ ਸੰਗਤਾਂ ਨੂੰ ਅਨੰਦਪੁਰ ਪੁਜਣ ਦੀਆਂ ਖਬਰਾਂ ਘਲ ਦਿਤੀਆਂ ਸਤਿਗੁਰੂ ਜੀ ਅਨੰਦਪੁਰ ਜਾਣ ਤੇ ਦ੍ਰਿੜ ਸਨ ਅਤੇ ਸਰਕਾਰ ਨੇ ਆਪਣੀ ਨਕ ਬਨਾਉਣ ਲਈ ਪਾਬੰਦੀਆਂ ਢਿਲੀਆਂ ਕਰਨ ਦਾ ਐਲਾਨ ਕਰ ਦਿਤਾ ਅਤੇ ਨਾਲ ਹੀ ਡਿਪਟੀ ਇੰਸਪੈਕਟਰ ਜਨਰਲ ਨੂੰ ਅਨੰਦਪੁਰ ਸਾਹਿਬ ਪ੍ਰਬੰਧਾਂ ਦੀ ਨਿਗਰਾਨੀ ਲਈ ਹੁਕਮ ਦਿੱਤਾ ।

ਵਡੀ ਗਿਣਤੀ ਵਿਚ ਸੰਗਤਾਂ ਸ੍ਰੀ ਭੈਣੀ ਸਾਹਿਬ ਪੁਜ ਗਈਆਂ ਅਤੇ ਸਤਿਗੁਰੂ ਜੀ ਘੁਮਾਣੇ, ਕੀਰਤਪੁਰ ਸਾਹਿਬ ਥਾਣੀ ਹੁੰਦੇ ਹੋਏ 19 ਮਾਰਚ ਨੂੰ ਅਨੰਦਪੁ ਸਾਹਿਬ ਪੁਜ ਗਏ । ਸਰਕਾਰ ਨੇ ਵਡੀ ਗਿਣਤੀ ਵਿਚ ਪੁਲਿਸ ਦਾ ਪ੍ਰਬੰਧ ਕੀਤਾ ਹੋਇਆ ਸੀ । ਡਿਪਟੀ ਇੰਸਪੈਕਟਰ ਜਨਰਲ ਮਿਸਟਰ ਮੈਕੇਨਡ੍ਰੀਯੂ ਅਤੇ ਡਿਪਟੀ ਕਮਿਸ਼ਨਰ ਪਰਕਿਨਜ ਵਡੀ ਗਿਣਤੀ ਵਿਚ ਸਿਪਾਹੀ ਲੈ ਕੇ ਪਹਿਲਾਂ ਹੀ ਅਨੰਦਪੁਰ ਪੁਜ ਗਏ ਸਨ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਭ ਤੋਂ ਅਗੇ ਅਗੇ ਘੋੜੀ ਤੇ ਸਵਾਰ ਸਨ । ਪਿਛੇ ਉਘੇ ਸੂਬੇ ਘੋੜੀਆਂ ਤੇ ਅਤੇ ਪਿਛੇ ਵਡੀ ਗਿਣਤੀ ਵਿਚ ਨਾਮਧਾਰੀ ਸੰਗਤ, ਬਚੇ, ਇਸਤਰੀਆਂ, ਬੁਢੇ-ਜਵਾਨ ਪੈਦਲ ਆ ਰਹੇ ਸਨ ।

ਅਨੰਦਪੁਰ ਵਿਚ ਮਹੰਤਾਂ-ਪੁਜਾਰੀਆਂ ਨੂੰ ਡਰ ਪੈ ਗਿਆ ਕਿ ਕਿਤੇ ਗੁਰੂ ਰਾਮ ਸਿੰਘ ਉਨ੍ਹਾਂ ਦੇ ਗੁਰਦੁਆਰਿਆਂ ਤੇ ਕਬਜ਼ਾ ਨਾਂ ਕਰ ਲਵੇ । ਇਸ ਲਈ ਉਨ੍ਹਾਂ ਵਡੀ ਗਿਣਤੀ ਵਿਚ ਹਥਿਆਰਬੰਦ ਨਿਹੰਗ ਇਕੱਠੇ ਕੀਤੇ ਹੋਏ ਸਨ । ਉਨ੍ਹਾਂ ਦ੍ਰਿੜ ਇਰਾਦਾ ਕੀਤਾ ਹੋਇਆ ਸੀ ਕਿ ਸਤਿਗੁਰਾਂ ਨੂੰ ਅਨੰਦਪੁਰ ਸਾਹਿਬ ਦਰਸ਼ਨ ਕਰਨ ਨਾ ਵੜਨ ਦਿਤਾ ਜਾਵੇ । ਦੂਸਰੇ ਪਾਸੇ ਸਤਿਗੁਰੂ ਜੀ ਕੇਵਲ ਹੋਲੇ ਦੇ ਅਵਸਰ ਤੇ ਦਰਸ਼ਨ ਕਰਨ ਦਾ ਇਰਾਦਾ ਰਖਦੇ ਸਨ । ਵਿਰੋਧ ਦੇ ਬਾਵਜੂਦ ਉਨ੍ਹਾਂ ਦਾ ਅਨੰਦਪੁਰ ਦਰਸ਼ਨ ਕਰਨ ਦਾ ਦ੍ਰਿੜ ਇਰਾਦਾ ਵੇਖ ਕੇ ਮਿਸਟਰ ਮੈਕੇਂਡਰੀਉ ਅਤੇ ਮਿਸਟਰ ਪਰਕਿਨਜ਼ ਨੇ ਕੇਸਗੜ੍ਹ ਦੇ ਮਹੰਤ ਹਰੀ ਸਿੰਘ ਨੂੰ ਕਿਸੇ ਤਰ੍ਹਾਂ ਦੀ ਵੀ ਸ਼ਰਾਰਤ ਕਰਨ ਤੋਂ ਵਰਜ ਦਿਤਾ ਅਤੇ ਸਮਝਾਇਆ ਕਿ ਗੁਰਦੁਆਰਿਆਂ ਵਿਚ ਹਰ ਕੋਈ ਜਾ ਸਕਦਾ ਹੈ । ਰੋਕਣਾ ਗੈਰ ਕਾਨੂੰਨੀ ਹੋਵੇਗਾ । ਇਸ ਗੱਲ ਤੇ ਸਹਿਮਤੀ ਹੋ ਗਈ ਕਿ ਕੂਕੇ ਤਖਤ ਅੰਦਰ ਨੰਗੇ ਸਿਰ ਨਾ ਹੋਣ ਅਤੇ ਕੋਈ ਝਗੜਾ ਨਾ ਹੋਵੇ ।

ਅਨੰਦਪੁਰ ਪੁਜਣ ਤੇ ਡਿਪਟੀ ਕਮਿਸ਼ਨਰ ਮਿਸਟਰ ਪਰਕਿਨਜ ਸਤਿਗੁਰੂ ਜੀ ਨੂੰ ਮਿਲਿਆ ਅਤੇ ਸਨਮਾਨ ਸਹਿਤ ਆਪਣੇ ਕੈਂਪ ਵਿਚ ਲੈ ਗਿਆ । ਸ੍ਰੀ ਸਤਿਗੁਰੂ ਜੀ ਨੇ ਗਲਬਾਤ ਦੇ ਦੌਰਾਨ ਦਸਿਆ ਕਿ ਉਨ੍ਹਾਂ ਦਾ ਇਰਾਦਾ ਨਾ ਤੇ ਗੁਰਦੁਆਰਿਆਂ ਤੇ ਕਬਜ਼ਾ ਕਰਨ ਦਾ ਹੈ ਅਤੇ ਨਾ ਹੀ ਕਿਸੇ ਤਰ੍ਹਾਂ ਦਾ ਵਿਰੋਧ ਕਰਨ ਦਾ । ਉਹ ਅਤੇ ਸਾਰੀ ਸੰਗਤ ਕੇਵਲ ਦਰਸ਼ਨਾਂ ਲਈ ਹੀ ਆਏ ਹਨ ।

20 ਮਾਰਚ ਸੰਨ 1867 ਈ: ਨੂੰ ਸਤਿਗੁਰੂ ਜੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਦਰਸ਼ਨਾਂ ਨੂੰ ਗਏ । ਵਡੀ ਗਿਣਤੀ ਵਿਚ ਪੁਲੀਸ ਨਾਲ ਸੀ । ਗੁਰਦੁਆਰੇ ਕੇਸਗੜ੍ਹ ਦਰਸ਼ਨ ਕਰ ਕੇ ਸਤਿਗੁਰੂ ਜੀ ਨੇ 25/- ਰੁਪੈ

ਭੇਟਾ ਰਖੀ ਪਰ ਮਹੰਤ ਹਰੀ ਸਿੰਘ ਨੇ ਅਰਦਾਸ ਨਾ ਕੀਤੀ । ਸਤਿਗੁਰੂ ਜੀ ਦੇ ਹੁਕਮ ਕਰਨ ਤੇ ਸੂਬਾਂ ਬ੍ਰਹਮਾ ਸਿੰਘ ਨੇ ਅਰਦਾਸ ਕਰ ਕੇ ਪ੍ਰਸ਼ਾਦ ਵਰਤਾ ਦਿਤਾ । ਗੁਰੂ ਤੇਗਬਹਾਦੁਰ ਜੀ ਦੇ ਗੁਰਦੁਆਰੇ ਵੀ ਦਰਸ਼ਨ ਕਰਨ ਗਏ। ਉਥੋਂ ਦੇ ਮਹੰਤ ਨੇ ਭੇਟਾ ਪ੍ਰਵਾਨ ਕਰ ਕੇ ਅਰਦਾਸਾ ਕੀਤਾ । ਉਪਰੰਤ ਸਤਿਗੁਰੂ ਜੀ ਡੇਰੇ ਪਰਤ ਆਏ ।

ਅਗਲੇ ਦਿਨ ਸਤਿਗੁਰੂ ਜੀ ਨੇ ਮਹੰਤ ਹਰੀ ਸਿੰਘ ਨੂੰ ਚਿਠੀ ਲਿਖੀ ਜਿਸ ਵਿਚ ਅਰਦਾਸ ਨਾ ਕਰਨ ਬਾਰੇ ਪੁਛਿਆ । ਮਹੰਤ ਵਲੋਂ ਜ਼ਬਾਨੀ ਉਤਰ ਆਇਆ ਕਿ :—

(1) ਤੁਸੀਂ ਆਪਣੇ ਆਪ ਨੂੰ ਰਬ ਪ੍ਰਗਟ ਕਰਦੇ ਹੋ ।

(2) ਜਦੋਂ ਕਿਸੇ ਨੂੰ ਸਿਖ ਬਣਾਉਂਦੇ ਹੋ ਕੰਨ ਵਿਚ ਮੰਤਰ ਦਿੰਦੇ ਹੋ ।

(3) ਸਿਖ ਸਜਾਉਂਦੇ ਸਮੇਂ ਤੁਸੀਂ ਆਖਦੇ ਹੋ "ਜਨਮ ਗੁਰੂ ਹਜ਼ਰੋ, ਤੇ ਵਾਸੀ ਭੈਣੀ", ਜਦ ਕਿ ਆਮ ਸਿੱਖ "ਜਨਮ ਗੁਰੂ ਪਟਨਾ, ਵਾਸੀ ਆਨੰਦਪੁਰ ਆਖਦੇ ਹਨ ।

(4) ਤੁਹਾਡੇ ਸਿਖਾਂ ਦੇ ਮਸਤੀ ਵਿਚ ਕੇਸ ਖਿਲਰ ਜਾਂਦੇ ਹਨ ਅਤੇ ਦਸਤਾਰ ਉਤਰ ਜਾਂਦੀ ਹੈ ।

(5) ਕੂਕੇ ਮੁਸਲਮਾਨ ਫਕੀਰਾਂ ਵਾਂਗ ਹਾਲ ਪਾਉਂਦੇ ਹਨ । ਇਹ ਸਿਖ ਨਹੀਂ ਹੋ ਸਕਦੇ ।

ਇਸ ਕਰਕੇ ਅਰਦਾਸਾ ਨਹੀਂ ਕੀਤਾ ਗਿਆ । ਉਤਰ ਵਿਚ ਸਤਿਗੁਰੂ ਜੀ ਨੇ ਲਿਖਿਆ ਕਿ—

"ਜੇ ਤੁਸੀਂ ਸਿਖ ਧਰਮ ਅਨੁਸਾਰ ਅਮਲ ਕਰਨ ਵਾਲੇ ਹੁੰਦੇ ਤਾਂ ਮੇਰੇ ਅਸੂਲਾਂ ਦੀ ਸ਼ਲਾਘਾ ਕਰਦੇ । ਕਿਉਂਕਿ ਤੁਸੀਂ ਮਾਸ ਖਾਂਦੇ, ਸ਼ਰਾਬ ਪੀਂਦੇ ਹੋ, ਝੂਠ ਬੋਲਦੇ ਹੋ, ਬਦਕਾਰੀਆਂ ਕਰਦੇ ਹੋ ਅਤੇ ਕੰਨਿਆ ਘਾਤ ਆਦਿਕ ਕਈ ਅਪ੍ਰਾਧ ਕਰਕੇ ਬਾਣੀ ਦੇ ਵਿਰੁਧ ਅਮਲ ਕਰਦੇ ਹੋ, ਇਸ ਲਈ ਕੂਕੇ ਤੁਹਾਨੂੰ ਸਿਖ ਨਹੀਂ ਸਮਝਦੇ । ਕੂਕੇ, ਅਕਾਲ ਪੁਰਖ ਦਾ ਕੀਰਤਨ ਕਰਦੇ ਹੋਏ ਏਨੇ ਮਸਤ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਆਪਣੇ ਕੇਸਾਂ ਅਤੇ ਦਸਤਾਰਾਂ ਦੀ ਸੋਝੀ ਨਹੀਂ ਰਹਿ ਜਾਂਦੀ ।"

ਇੰਸਪੈਕਟਰ ਫ਼ਜ਼ਲ ਹੁਸੈਨ ਅਨੁਸਾਰ ਏਥੇ ਅਨੰਦਪੁਰ ਸਾਹਿਬ ਕਈ ਉਘੇ ਲੋਕ ਕੂਕੇ ਬਣੇ । ਉਸ ਅਨੁਸਾਰ ਸਤਿਗੁਰ ਜੀ ਨੇ ਹੋਲੇ ਤੇ ਜਲੂਸ ਕਢਿਆ ਅਤੇ ਉਨ੍ਹਾਂ ਨਾਲ ਲਗਪਗ ਅਠ ਹਜ਼ਾਰ ਕੂਕੇ ਸਨ ।

ਪ੍ਰਸ਼ਨ : ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਕੁਲ ਕਿੰਨੇ ਹੋਲੇ ਹੋਏ ।

ਉੱਤਰ : ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਕੁਲ ਛੇ ਹੋਲੇ ਹੋਏ ।

ਪਹਿਲਾ ਹੋਲਾ :	ਖੋਟੇ (ਜ਼ਿਲ੍ਹਾ ਫ਼ਿਰੋਜ਼ਪੁਰ)	ਸੰ: 1922 ਬਿ: (ਸੰਨ 1866) ।
ਦੂਸਰਾ ਹੋਲਾ :	ਅਨੰਦਪੁਰ ਸਾਹਿਬ	ਸੰ: 1923 ਬਿ: (ਸੰਨ 1867) ।
ਤੀਸਰਾ ਹੋਲਾ :	ਸ੍ਰੀ ਭੈਣੀ ਸਾਹਿਬ	ਸੰ: 1924 ਬਿ: (ਸੰਨ 1868) ।
ਚੌਥਾ ਹੋਲਾ :	ਮਾਨਾ ਵਾਲੇ	ਸੰ: 1925 ਬਿ: (ਸੰਨ 1869) ।
ਪੰਜਵਾਂ ਹੋਲਾ :	ਸ੍ਰੀ ਭੈਣੀ ਸਾਹਿਬ	ਸੰ: 1926 ਬਿ: (ਸੰਨ 1870) ।
ਛੇਵਾਂ ਹੋਲਾ :	ਅਨੰਦਪੁਰ ਸਾਹਿਬ	ਸੰ: 1927 ਬਿ: (ਸੰਨ 1871) ।

ਪ੍ਰਸ਼ਨ : ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ 'ਨਾ–ਮਿਲਵਰਤਣ ਲਹਿਰ ਤੇ ਸਵਦੇਸ਼ੀ ਲਹਿਰ ਤੇ ਨੋਟ ਲਿਖੋ ?

ਉੱਤਰ : ਦੇਸ਼ ਨੂੰ ਵਿਦੇਸ਼ੀ ਹਕੂਮਤ ਤੋਂ ਮੁਕਤ ਕਰਾਉਣ ਲਈ ਬੜੀ ਸੋਚ ਵਿਚਾਰ ਤੋਂ ਬਾਅਦ ਆਮ ਜਨਤਾ ਨੂੰ ਇਕ ਨਵਾਂ ਹਥਿਆਰ ਦਿਤਾ । ਜਿਸ ਨਾਲ ਉਹ ਅੰਗਰੇਜ਼ੀ ਸਰਕਾਰ ਨਾਲ ਲੜ ਸਕਣ । ਇਸ ਹਥਿਆਰ ਦਾ ਨਾਮ

ਸੀ 'ਨਾ-ਮਿਲਵਰਤਨ' । ਆਪ ਨੇ ਹੁਕਮ ਜਾਰੀ ਕੀਤੇ :

1) ਅੰਗਰੇਜ਼ ਵਲੋਂ ਚਲਾਏ ਸਕੂਲਾਂ ਵਿਚ ਆਪਣੇ ਬੱਚੇ ਨਾ ਪੜ੍ਹਾਓ । ਸਗੋਂ ਆਪਣੀਆਂ ਪਾਠਸ਼ਾਲਾ ਤੇ ਵਿਦਿਆਲਿਆਂ ਵਿਚ ਬੱਚਿਆਂ ਨੂੰ ਦਾਖਲ ਕਰਵਾਓ ਤਾਂ ਜੁ ਬੱਚੇ ਦੇਸੀ ਬਣ ਸਕਣ ।
2) ਅੰਗਰੇਜ਼ ਦੀ ਨੌਕਰੀ ਨਾ ਕਰੋ ਮਤਾਂ ਉਸ ਦੇ ਲਈ ਤੁਹਾਡੇ ਦਿਲ ਵਿਚ ਦਯਾ ਆ ਜਾਵੇ ।
3) ਪਕੀਆਂ ਸੜਕਾਂ, ਨਹਿਰਾਂ ਦਾ ਪਾਣੀ, ਰੇਲ ਗਡੀਆਂ ਤੇ ਡਾਕਖਾਨਿਆਂ ਦੀ ਵਰਤੋਂ ਨਾ ਕਰੋ । ਕਿਤੇ ਸੁਖ ਵੇਖ ਤੁਹਾਡੇ ਮਨ ਉਹਨਾਂ ਦੇ ਗੁਲਾਮ ਨਾ ਹੋ ਜਾਣ ।
4) ਸਰਕਾਰੀ ਅਦਾਲਤਾਂ ਦੀ ਬਜਾਇ ਆਪਣੇ ਝਗੜਿਆਂ ਦਾ ਨਿਪਟਾਰਾ ਪਿੰਡਾਂ ਦੀਆਂ ਪੰਚਾਇਤਾਂ ਵਿਚ ਕਰੋ । ਦੇਸ਼ ਦੇ ਪੁਰਾਤਿਨ ਨਿਆਂ ਦੇ ਅਸੂਲਾਂ ਤੇ ਰਿਵਾਜਾਂ ਨੂੰ ਮੰਨੋ ।

ਸਵਦੇਸੀਅਤ : ਆਪਣੇ ਦੇਸੀ ਚੀਜ਼ਾਂ ਦੀ ਵਰਤੋਂ ਕਰਨ ਲਈ ਲੋਕਾਂ ਨੂੰ ਪ੍ਰੇਰਿਆ । ਆਪ ਜੀ ਜਾਣ ਚੁਕੇ ਸਨ ਕਿ ਅੰਗਰੇਜ਼ ਦੇਸ਼ ਦੀਆਂ ਮੰਡੀਆਂ ਵਿਚੋਂ ਕੱਚਾ ਮਾਲ ਲਿਜਾ ਕੇ ਇਥੇ ਪੱਕਾ ਮਾਲ ਭਰ ਰਿਹਾ ਹੈ ਜੇ ਏਸੇ ਤਰ੍ਹਾਂ ਹੁੰਦਾ ਰਿਹਾ ਤਾਂ ਇਕ ਦਿਨ ਦੇਸੀ ਕਾਰਖਾਨੇ ਬੰਦ ਹੋ ਜਾਣਗੇ । ਦੇਸ਼ ਵਿਚ ਅਗੇ ਹੀ ਗਰੀਬੀ ਹੈ । ਗਰੀਬੀ ਹੋਰ ਵੱਧ ਜਾਵੇਗੀ । ਭਾਰਤੀ ਰੋਟੀ ਦੇ ਪਿਛੇ ਹੀ ਲਗੇ ਰਹਿਣਗੇ. ਤਾਂ ਦੇਸ਼ ਦੀ ਆਜ਼ਾਦੀ ਦੀ ਲੜਾਈ ਕੀ ਲੜਨਗੇ । ਏਸ ਲਈ ਉਹਨਾਂ ਨੇ ਐਲਾਨ ਕੀਤਾ ਕਿ ਦੇਸ਼ ਦੇ ਬਣੇ ਹੋਏ ਖਦਰ ਤੇ ਉਨੀ ਕਪੜੇ ਪਹਿਨੋ । ਘਰ ਦੇ ਕੱਤੇ ਸੂਤ ਦੀਆਂ ਪੁਸ਼ਾਕਾਂ ਤੇ ਬਸਤਰਾਂ ਦੀ ਵਰਤੋਂ ਕਰੋ । ਜਿਸ ਨਾਲ ਦੇਸ਼ ਦਾ ਉਦਯੋਗ ਵੀ ਚਲੇਗਾ ਤੇ ਗਰੀਬੀ ਨੂੰ ਕੰਮ ਵੀ ਮਿਲੇਗਾ । ਇਸ ਤਰ੍ਹਾਂ ਉਹਨਾਂ ਨੇ ਅੰਗਰੇਜ਼ ਦੀਆਂ ਨੀਤੀਆਂ ਦਾ ਪੂਟੀ ਤਰ੍ਹਾਂ ਬਾਈਕਾਟ ਕਰ ਦਿਤਾ । ਮਾਨੋ ਉਹਨਾਂ ਇਕ ਸਮਾਨੰਤਰ ਸਰਕਾਰ ਬਣਾ ਲਈ ਹੋਵੇ । ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ: ਰਾਜਿੰਦਰ ਪ੍ਰਸਾਦ ਦੇ ਸ਼ਬਦਾਂ 'ਚ ।

> "ਹਮਾਰੇ ਦੇਸ ਮੇਂ ਮਹਾਤਮਾ ਗਾਂਧੀ ਜੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਯਾ ਉਸ ਕੋ ਗੁਰੂ ਰਾਮ ਸਿੰਘ ਨੇ ਪ੍ਰਾਥ : ਪਚਾਸ ਵਰਸ ਪੂਰਵ ਹੀ ਨਾਮਧਾਰੀਉਂ ਮੇਂ ਪ੍ਰਚਲਤ ਕੀਆ ਥਾ ।"

ਪ੍ਰਸ਼ਨ : ਸਤਿਗੁਰੂ ਰਾਮ ਸਿੰਘ ਜੀ ਨੇ ਸੰਤ ਖਾਲਸੇ ਦੀ ਸਾਜਨਾ ਕਦੋਂ ਤੇ ਕਿਥੇ ਕੀਤੀ । ਕਿਹੜੇ ਕਿਹੜੇ ਪੰਜਾਂ ਸਿਖਾਂ ਨੂੰ ਅੰਮ੍ਰਿਤ ਛਕਾਇਆ ।

ਉੱਤਰ : ਸੰਨ 18:7, 12 ਅਪ੍ਰੈਲ ਵੈਸਾਖੀ ਵਾਲੇ ਦਿਨ ਸਤਿਗੁਰੂ ਰਾਮ ਸਿੰਘ ਜੀ ਨੇ ਖੰਡੇ ਦਾ ਅੰਮ੍ਰਿਤ ਛਕਾ ਕੇ ਸੰਤ ਖਾਲਸੇ ਦੀ ਸਿਰਜਨਾ ਕੀਤੀ ਤੇ ਹੇਠ ਲਿਖੇ ਪੰਜ ਸਿਖਾਂ ਨੂੰ ਅੰਮ੍ਰਿਤ ਛਕਾਇਆ ।

ੳ) ਭਾਈ ਕਾਹਨ ਸਿੰਘ ਨਿਹੰਗ, ਪਿੰਡ ਚੱਕ ਕਲਾਂ ਰਿਆਸਤ ਮਲੇਰ ਕੋਟਲਾ ।
ਅ) ਭਾਈ ਲਾਭ ਸਿੰਘ ਰਾਗੀ, ਅੰਮ੍ਰਿਤਰਸਰ ਦੇ ਰਾਗੀ ।
ੲ) ਭਾਈ ਸੁਧ ਸਿੰਘ, ਪਿੰਡ ਦੁਰਗਾਪੁਰ ਜ਼ਿਲ੍ਹਾ ਜਲੰਧਰ ।
ਸ) ਭਾਈ ਆਤਮਾ ਸਿੰਘ, ਪਿੰਡ ਆਲਮਪੁਰ ਜ਼ਿਲ੍ਹਾ ਸਿਆਲਕੋਟ ।
ਹ) ਭਾਈ ਨੈਣਾਂ ਸਿੰਘ, ਪਿੰਡ ਵਰਿਆਹਾਂ ਜ਼ਿਲ੍ਹਾ ਸਿਆਲਕੋਟ ।

ਪ੍ਰਸ਼ਨ : ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਅਨੰਦ ਕਾਰਜ ਦੀ ਰਸਮ ਤੇ ਨੋਟ ਲਿਖੋ ।

ਉੱਤਰ : ਲੋਕ ਭਲਾਈ ਹਿੱਤ, ਸਤਿਗੁਰੂ ਰਾਮ ਸਿੰਘ ਜੀ ਨੇ ਪਿੰਡ ਖੋਟੇ (ਜ਼ਿਲ੍ਹਾ ਫਿਰੋਜ਼ਪੁਰ) ਵਿਖੇ 3 ਜੂਨ 1863 ਮੁਤਾਬਿਕ ਜੇਠ ਸੁਦੀ 10 ਸੰ: 1920 ਬਿ: ਨੂੰ ਆਪ ਨੇ ਪਹਿਲੀ ਵਾਰ ਆਦਿ ਸ੍ਰੀ ਗਰੰਥ ਸਾਹਿਬ ਚੋਂ ਚਾਰ ਲਾਵਾਂ ਪੜ੍ਹ ਅੰਤਰ ਜਾਤੀ 6 ਵਿਆਹ ਕੀਤੇ । ਮਰਿਯਾਦਾ ਏਹ ਸੀ, ਕਿ "ਸਭ ਤੋਂ ਪਹਿਲਾਂ ਹਵਨ ਕੀਤਾ

ਗਿਆ। ਹਵਨ ਕਰਨ ਲਗੇ ਮੰਤਰਾਂ ਦੀ ਥਾਂ ਗੁਰਬਾਣੀ ਦੇ ਪਾਠ ਪੜ੍ਹ । ਉਪਰਤ ਬੇਦੀ ਦੇ ਫੇਰੇ ਦਿਤੇ ਗਏ। ਫੇਰਿਆਂ ਵੇਲੇ ਰਾਮਕਲੀ ਰਾਗ ਚੋਂ ਉਚਾਰਣ ਚਾਰ ਲਾਵਾਂ ਦਾ ਪਾਠ ਕੀਤਾ ਗਿਆ। ਬਾਬੇ ਸਮੁੰਦ ਸਿੰਘ ਦੀ ਲੜਕੀ ਤੇ ਪੋਤਰੀ ਅਤੇ ਚਾਰ ਹੋਰਾਂ ਦੇ ਅਨੰਦ ਪੜ੍ਹੇ ਗਏ। ਤਰਖਾਣ ਦੀ ਲੜਕੀ ਤੇ ਅਰੋੜਿਆਂ ਦਾ ਲੜਕਾ। ਪੰਡਤਾਂ ਨੂੰ ਆਪਣੀ ਰੋਜ਼ੀ ਖੁਸਦੀ ਨਜ਼ਰ ਪਈ। ਉਹਨਾਂ ਥਾਣੇ ਰਿਪੋਰਟ ਕਰ ਦਿਤੀ। ਸਤਿਗੁਰੂ ਜੀ ਨੂੰ ਥਾਣਿਓ ਥਾਣੀ 14 ਜੂਨ ਨੂੰ ਸ੍ਰੀ ਭੈਣੀ ਸਾਹਿਬ ਪਹੁੰਚਾਇਆ ਗਿਆ। ਏਥੋਂ ਏਸੇ ਕੇਸ ਵਿਚ ਸਤਿਗੁਰੂ ਜੀ ਨੂੰ ਲੁਧਿਆਣੇ ਕਚਿਹਰੀ ਵੀ ਜਾਣਾ ਪੈਂਦਾ ਰਿਹਾ।

ਪ੍ਰਸ਼ਨ : ਈਸਵੀ 1872 ਦੀ ਮਾਘੀ ਦਾ ਮੇਲਾ ਕਿਥੇ ਹੋਇਆ। ਸ਼ਹੀਦੀ ਮਿਸਲ ਤੇ ਨੋਟ ਲਿਖੋ ?

ਉੱਤਰ। ਈ: 1872 ਦਾ ਮਾਘੀ ਦਾ ਮੇਲਾ ਸ੍ਰੀ ਭੈਣੀ ਸਾਹਿਬ ਹੋਇਆ। ਏਸ ਮੇਲੇ ਤੇ ਸਤਿਗੁਰੂ ਰਾਮ ਸਿੰਘ ਦੇ ਮਹਿਲ ਮਾਤਾ ਜਸਾਂ ਜੀ ਜੋ ਚੜ੍ਹਾਈ ਕਰ ਗਏ ਸਨ, ਦੇ ਨਮਿਤ 101 ਸਾਧਾਰਨ ਪਾਠਾਂ ਦੇ ਭੋਗ ਪਾਏ ਗਏ ਅਤੇ ਨਾਲ ਹੀ ਅੰਮ੍ਰਿਤਸਰ, ਰਾਇਕੋਟ ਤੇ ਲੁਧਿਆਣੇ ਜਿਨ੍ਹਾਂ ਸਿੰਘਾਂ ਨੂੰ ਫਾਂਸੀ ਲਾਇਆ ਗਿਆ ਸੀ ਦੇ ਨਮਿਤ ਪਾਠਾਂ ਦੇ ਭੋਗ ਪ ਏ ਗਏ । ਮਾਘੀ ਦੇ ਮੇਲੇ ਬਾਰੇ ਸੰਗਤਾਂ ਨੂੰ ਪਹਿਲਾਂ ਹੀ ਸੁਨੇਹੇ ਭੇਜ ਦਿਤੇ ਸਨ ਕਿ ਮੇਲਾ ਮੁਕਤਸਰ ਦੀ ਥਾਂ ਸ੍ਰੀ ਭੈਣੀ ਸਾਹਿਬ ਹੋਵੇਗਾ। ਸੰਗਤਾਂ 10 ਜਨਵਰੀ ਤੋਂ ਹੀ ਸ੍ਰੀ ਭੈਣੀ ਸਾਹਿਬ ਪਹੁੰਚਣੀਆਂ ਸ਼ੁਰੂ ਹੋ ਗਈਆਂ। ਸ. ਹੀਰਾ ਸਿੰਘ, ਲਹਿਣਾ ਸਿੰਘ ਸਕਰੋਦੀ ਵਾਲਿਆਂ ਦਾ ਜਥਾ ਵੀ ਮੇਲੇ ਤੇ ਆਇਆ। ਏਹਨਾਂ ਦੇ ਜਥੇ ਨੂੰ ਮਸਤਾਨਿਆਂ ਦਾ ਜਥਾ ਕਹਿੰਦੇ ਸੀ। ਨਾਮਧਾਰੀਆਂ ਵਿਚ ਸਿੰਘਾਂ ਨੂੰ ਫਾਂਸੀ ਲਾਏ ਜਾਣ ਤੇ ਦੂਸਰਾ ਅੰਗਰੇਜ਼ ਦੀਆਂ ਸਖਤੀਆਂ ਤੇ ਉਪਰ ਦੀਆਂ ਸਿੱਖ ਰਿਆਸਤਾਂ ਦੇ ਸਰਦਾਰਾਂ ਦੀਆਂ ਵਧੀਕੀਆਂ ਕਾਰਨ ਬਹੁਤ ਰੋਸ ਸੀ ਖਾਸ ਕਰ ਗਿਆਨੀ ਰਤਨ ਸਿੰਘ ਨਾਈ ਵਾਲੇ ਨੂੰ ਫਾਂਸੀ ਲਾਉਣ ਕਾਰਨ ਸਿੱਖ ਵਾਧੂ ਹੀ ਭੜ੍ਹਕੇ ਹੋਏ ਸਨ। 11 ਜਨਵਰੀ ਦੀ ਲੋਹੜੀ ਤੇ 12 ਜਨਵਰੀ ਸ਼ੁਕਰਵਾਰ ਦੀ ਮਾਘੀ ਸੀ। ਏਸੇ ਮੇਲੇ ਤੇ ਗੁਰਮੁਖ ਸਿੰਘ ਨੰਬਰਦਾਰ ਨੇ ਆਪਣੀ ਹਡ ਬੀਤੀ ਸੰਗਤ ਨੂੰ ਆ ਸੁਣਾਈ। ਉਸ ਨੇ ਦਸਿਆ ਕਿ ਜਦੋਂ ਉਹ ਮਲੇਰ ਕੋਟਲੇ ਗਿਆ ਤਾਂ ਇਕ ਮੁਸਲਮਾਨ ਇਕ ਮਾੜੇ ਜੇਹੇ ਬੈਲ ਤੇ ਸਬਜ਼ੀਆਂ ਦਾ ਕਾਫੀ ਬੋਝ ਲਦ ਕੇ ਲਿਜਾ ਰਿਹਾ ਸੀ ਤੇ ਉਪਰ ਆਪ ਵੀ ਬੈਠਾ ਸੀ। ਗੁਰਮੁਖ ਸਿੰਘ ਨੇ ਮੁਸਲਮਾਨ ਨੂੰ ਕਿਹਾ, ਕਿ ਬੈਲ ਤੇ ਕਾਫੀ ਭਾਰ ਲਦਿਆ ਹੋਇਆ, ਉਪਰ ਤੂੰ ਆਪ ਬੈਠਾ ਹੈਂ। ਬੈਲ ਮਾੜ੍ਹਾ ਹੈ। ਚੰਗਾ ਹੋਵੇ ਜੇ ਤੂੰ ਆਪ ਉਤਰ ਜਾਵੇਂ । ਏਨੀ ਗੱਲ ਤੇ ਝਗੜਾ ਹੋ ਗਿਆ। ਕੋਤਵਾਲੀ ਲਿਜਾ ਕੇ ਕੋਟਲੇ ਦੇ ਪ੍ਰਬੰਧਕਾਂ ਨੇ ਗੁਰਮੁਖ ਸਿੰਘ ਨੂੰ ਪਹਿਲਾਂ ਤਾਂ ਬੁਰਾ ਭਲਾ ਆਖਿਆ ਫੇਰ ਉਸ ਦੀਆਂ ਅੱਖਾਂ ਸਾਹਮਣੇ ਬੈਲ ਨੂੰ ਜਿਬਾਹ ਕਰ ਦਿਤਾ । ਗੁਰਮੁਖ ਸਿੰਘ ਦੀ ਘਟਨਾ ਨੇ ਬਲਦੀ ਤੇ ਤੇਲ ਵਾਲਾ ਅਸਰ ਕੀਤਾ। ਮਸਤਾਨਿਆਂ ਦਾ ਜਥਾ ਰੋਹ ਵਿਚ ਆ ਗਿਆ। ਮੇਲੇ ਦੇ ਭੋਗ ਤੇ ਸੰਗਤਾਂ ਨੇ ਘਰਾਂ ਨੂੰ ਚਾਲੇ ਪਾ ਦਿਤੇ। ਤਾਂ ਹੰਡਿਆਏ ਵਾਲੀ ਮਾਈ ਇੰਦ ਕੌਰ ਨੇ ਕੋਠੇ ਤੇ ਚੜ੍ਹ ਪੱਲੂ ਫੇਰ ਹੋਕਾ ਦੇ ਦਿਤਾ। "ਸਹੀਦੀ ਜਹਾਜ਼ ਤਿਆਰ ਹੈ, ਜਿਨ੍ਹਾਂ ਚੜ੍ਹਨਾ ਹੈ ਚੜ੍ਹ ਜਾਓ। "ਧਰਮ ਤੇ ਗਰੀਬ ਦੀ ਰਖਿਆ ਲਈ ਸਿਰ ਦੇਣ ਵਾਲੇ ਆ ਜਾਣ।" ਰੀਠਿਆਂ ਦੀਆਂ ਛਿਲਾਂ ਦੀ ਸ਼ਰਦਾਈ ਰਗੜੀ ਗਈ, ਜੇਹੜਾ ਅਗੇ ਆਉਂਦਾ ਬਾਟਾ ਛਕਾ ਇਕ ਪਾਸੇ ਬਿਠਾ ਦਿਤਾ ਜਾਂਦਾ। ਸਿੱਖਾਂ ਨੂੰ ਗੁਸੇ ਵਿਚ ਵੇਖ ਬਾਬਾ ਲਖਾ ਸਿੰਘ ਨੇ ਉਹਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਵਿਚਾਰ ਬਦਲ ਲੈਣ ਤੇ ਕੋਟਲੇ ਤੇ ਧਾਵਾ ਨਾ ਬੋਲਣ । ਪਰ ਮਸਤਾਨਿਆਂ ਨੇ ਇਕ ਨਾ ਸੁਣੀ। ਫੇਰ ਸ੍ਰੀ ਸਤਿਗੁਰੂ ਜੀ ਬਚਨ ਕੀਤਾ "ਅਜੇ ਸਮਾਂ ਨਹੀਂ। ਖੇਤੀ ਅਜੇ ਨਹੀਂ ਪਕੀ।" ਪਰ ਹੀਰਾ ਸਿੰਘ ਆਖਣ ਲਗਾ "ਸਾਨੂੰ ਤਾਂ ਗੁਰੂ ਤੇਗ ਬਹਾਦੁਰ ਜੀ ਦਾ ਹੁਕਮ ਹੋਇਆ ਹੈ । ਅਸੀਂ ਤਾਂ ਸਿਰ ਦੇਵਾਂਗੇ।" ਤਾਂ ਸਤਿਗੁਰਾਂ ਬਚਨ ਕੀਤਾ, "ਜੇ ਉਹਨਾਂ ਦਾ ਹੁਕਮ ਹੈ ਤਾਂ ਮੈਂ ਮੰਨ੍ਹਾਂ ਨਹੀਂ ਕਰਨਾ ।" ਹੀਰਾ ਸਿੰਘ ਕਹਿਣ ਲਗਾ ਅਸੀਂ ਭੁਖੇ ਹਾਂ ਪ੍ਰਸਾਦਾ ਛਕਾਓ। ਸਤਿਗੁਰੂ ਜੀ ਕੜ੍ਹਾਹ ਪ੍ਰਸ਼ਾਦ ਤਿਆਰ ਕਰਵਾ ਕੇ ਸਿੱਖਾਂ ਨੂੰ ਛਕਾਇਆ। ਹੀਰਾ ਸਿੰਘ ਦੇ

ਕੰਨ ਵਿਚ ਕੁਝ ਬਚਨ ਕੀਤੇ। ਹੀਰਾ ਸਿੰਘ ਨੇ ਅਗੋਂ ਤਿੰਨ ਵਾਰ ਸਤਿ ਬਚਨ ਆਖਿਆ। ਪ੍ਰਸ਼ਾਦ ਛਕ ਹੀਰਾ ਸਿੰਘ ਨੇ ਤਲਵਾਰ ਨਾਲ ਲਾਈਨ ਖਿਚ ਕੇ ਆਖਿਆ ਹੁਣ ਜਿਨ੍ਹਾਂ ਨੇ ਸੀਸ ਦੇਣੇ ਹਨ ਉਹੀ ਏਸ ਨੂੰ ਟਪਣ। ਕਰੀਬ 125 ਕੁ ਸਿੰਘਾਂ ਨੇ ਲਾਈਨ ਟਪੀ। ਏਹਨਾਂ ਵਿਚ ਦੋ ਮਾਈਆਂ ਵੀ ਸਨ ਇੰਦ ਕੌਰ ਤੇ ਖੇਮ ਕੌਰ। ਏਹ ਸਵਾ ਸੌ ਕੁ ਦਾ ਜਥਾ ਕਰੀਬ ਦੁਪਿਹਰ ਦੋ ਵਜੇ 13 ਜਨਵਰੀ ਸ਼ਨੀਵਾਰ 1872 ਈ ਨੂੰ ਅਰਦਾਸਾ ਸੋਧ ਸ੍ਰੀ ਭੈਣੀ ਸਾਹਿਬ ਤੋਂ ਚਲਿਆ। ਲਾਟੋਂ, ਕਟਾਣੀ, ਰਾਮਪੁਰ, ਪੋਲ ਹੁੰਦੇ ਹੋਏ ਰਾਤ ਪਿੰਡ ਰਬੋ ਪਹੁੰਚ ਕੇ ਵਿਸ਼ਰਾਮ ਕੀਤਾ।

ਜਦੋਂ ਮਸਤਾਨਿਆਂ ਨੇ ਸ੍ਰੀ ਸਤਿਗੁਰੂ ਜੀ ਦਾ ਬਚਨ ਨਾ ਮੰਨਿਆ ਤਾਂ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਥਾਣੇਦਾਰ ਨੂੰ ਜੋ ਪੰਜਾਂ ਸਿਪਾਹੀਆਂ ਸਹਿਤ ਉਥੇ ਮੌਜੂਦ ਸੀ, ਨੂੰ ਆਖਿਆ ਕਿ "ਏਹ ਕੁਝ ਬੰਦੇ ਮੇਰੇ ਕਹਿਣੇ ਵਿਚ ਨਹੀਂ ਤੁਸੀਂ ਏਹਨਾਂ ਦਾ ਬੰਦੋਬਸਤ ਕਰ ਲਵੋ।' ਅਗੋਂ ਕਹਿਣ ਲਗਾ, "ਏਹਨਾਂ ਕੀ ਕਰਨਾ ਹੈ, ਏਵੇਂ ਸ਼ਰਦਾਈ ਪੀ ਕੇ ਜਕੜ੍ਹ ਮਾਰਦੇ ਹਨ। ਜੂਹ ਤੋਂ ਬਾਹਰ ਕਢ ਦੇਵੋਂ ॥" ਜਥੇ ਦੇ ਜਾਣ ਤੋਂ ਬਾਅਦ ਸ੍ਰੀ ਸਤਿਗੁਰੂ ਜੀ ਨੇ ਵਿਚਾਰਿਆ ਕਿ ਅਜੇ ਸਰਕਾਰ ਨਾਲ ਸਿਧੀ ਟੱਕਰ ਲੈਣ ਲਈ ਲੋਕ-ਸ਼ਕਤੀ ਤਿਆਰ ਨਹੀਂ ਹੋਈ। ਜੇ ਸਰਕਾਰ ਦਾ ਧਿਆਨ ਨਾਮਧਾਰੀਆਂ ਵਲ ਹੋ ਗਿਆ ਤਾਂ ਮੰਤਵ ਅਧੂਰਾ ਰਹਿ ਜਾਏਗਾ ਤੇ ਦੇਸ਼ ਆਜ਼ਾਦ ਨਹੀਂ ਹੋ ਸਕੇਗਾ। ਏਹ ਵਿਚਾਰ ਕਰ ਕੇ ਉਹਨਾਂ ਸੂਬਾ ਲੱਖਾ ਸਿੰਘ ਨੂੰ ਲੁਧਿਆਣੇ ਪੁਲਿਸ ਨੂੰ ਰਿਪੋਰਟ ਕਰਨ ਲਈ ਭੇਜ ਦਿਤਾ ਕਿ ਕੁਝ ਸਿੱਖ ਬਾਗ਼ੀ ਹੋ ਗਏ ਹਨ। ਉਹ ਮੇਰੇ ਕਹੇ ਵਿਚ ਨਹੀਂ ਤੁਸੀਂ ਜਿਵੇਂ ਚਾਹੋ ਉਹਨਾਂ ਨਾਲ ਨਿਬੜ ਲਵੋ। ਉਹਨਾਂ ਦਾ ਮੇਰੇ ਨਾਲ ਕੋਈ ਸਬੰਧ ਨਹੀਂ। ਏਹ ਰਾਜਨੀਤੀ ਦੀ ਚਾਲ ਸੀ ਤਾਂ ਜੁ ਸਾਰੇ ਨਾਮਧਾਰੀ ਹੀ ਥੋੜੇ ਜੇਹੇ ਬੰਦਿਆਂ ਦੀ ਕਾਹਲ ਕਾਰਨ ਬਿਨਾਂ ਦੇਸ਼ ਲਈ ਕੁਝ ਕੀਤਿਆਂ ਦਬੇ ਨਾ ਜਾਣ।

ਪ੍ਰਸ਼ਨ : ਮਲੌਟ ਧਾਵਾ ਕਿਉਂ ਬੋਲਿਆ ਗਿਆ ਤੇ ਇਸ ਵਿਚ ਕਿੰਨੇ ਸਿੰਘ ਸ਼ਹੀਦ ਹੋਏ।

ਉੱਤਰ : ਦਰਅਸਲ ਸ਼ਹੀਦੀ ਜਥਾ ਮਲੌਦ ਤੇ ਧਾਵਾ ਬੋਲਣ ਲਈ ਨਹੀਂ ਸੀ ਗਿਆ। ਅਸਲ ਵਿਚ ਮਲੌਦ ਦੇ ਸਰਦਾਰ ਬਦਨ ਸਿੰਘ ਦੇ ਨਾਮਧਾਰੀਆਂ ਨਾਲ ਚੰਗੇ ਸਬੰਧ ਸਨ ਤੇ ਉਸ ਨੇ ਆਖਿਆ ਹੋਇਆ ਸੀ ਕਿ ਲੋੜ ਪੈਣ ਤੇ ਉਹ ਉਹਨਾਂ ਦੀ ਮਦਦ ਕਰੇਗਾ। ਭੈਣੀ ਸਾਹਿਬ ਤੋਂ ਜਦੋਂ ਜੱਥਾ ਚਲਿਆ ਉਹ ਕਰੀਬ ਨਿਹੱਥਿਆਂ ਦਾ ਜੱਥਾ ਸੀ। ਉਹਨਾਂ ਨੂੰ ਮਲੌਦ ਦੇ ਸਰਦਾਰ ਦਾ ਬਚਨ ਯਾਦ ਆਇਆ ਤੇ ਉਹ ਸਰਦਾਰ ਕੋਲੋਂ ਹਥਿਆਰ ਲੈਣ ਮਲੌਦ ਜਾ ਪਹੁੰਚੇ। ਇਹ ਗਲ 14 ਜਨਵਰੀ 1872 ਈ: ਦਿਨ ਦੇ ਪਿਛਲੇ ਪਹਿਰ ਦੀ ਹੈ ਪਹਿਲਾਂ ਤਾਂ ਸਰਦਾਰ ਪਿਆਰ ਨਾਲ ਮਿਲਿਆ ਪਰ ਜਦੋਂ ਸਿੱਖਾਂ ਨੇ ਆਪਣਾ ਇਰਾਦਾ ਜ਼ਾਹਰ ਕੀਤਾ ਤਾਂ ਉਸ ਨੇ ਨਾਂਹ ਕਰ ਦਿਤੀ। ਏਸ ਗਲੋਂ ਬੋਲ ਬਾਲਾ ਹੋ ਗਿਆ। ਸਰਦਾਰ ਦੇ ਬੰਦਿਆਂ ਨੇ ਖਤਰੇ ਦਾ ਨਗਾਰਾ ਵਜਾ ਦਿਤਾ। ਕੋਈ 80-90 ਬੰਦੇ ਇਕੱਠੇ ਹੋ ਗਏ। ਸਿਖ ਵੀ ਰੋਹ ਵਿਚ ਆ ਗਏ। ਹਥੋਂ ਹਥੀਂ ਝੜਪ ਹੋ ਗਈ। ਮਾਈ ਇੰਦ ਕੌਰ ਨੇ ਬਦਨ ਸਿੰਘ ਦੇ ਲੜਕੇ ਨੂੰ ਟਕੂਆ ਕਢ ਮਾਰਿਆ। ਦੋ ਸਿੰਘ ਨੰਦ ਸਿੰਘ ਤੇ ਅੱਤਰ ਸਿੰਘ ਮਾਰੇ ਗਏ। ਸਰਦਾਰ ਬਦਨ ਸਿੰਘ ਦੇ ਮੁਨਸ਼ੀ ਨੱਥੀ ਤੇ ਕੋਚਵਾਨ ਬੂਟਾ ਤੇਲੀ ਵੀ ਚਲ ਵਸੇ। ਸਿਖਾਂ ਹਥੀਂ ਇਕ ਘੋੜਾ ਦੋ ਘੋੜੀਆਂ, ਇਕ ਤਲਵਾਰ ਤੇ ਦੋ ਨਾਲੀ ਬੰਦੂਕ ਹਥ ਲਗੀ। ਏਸ ਝੜਪ ਵਿਚ ਚਾਰ ਸਿੰਘ ਕਾਫੀ ਜ਼ਖਮੀ ਹੋ ਗਏ ਤੇ ਮਲੌਦ ਵਾਲਿਆਂ ਫੜ ਲਏ। ਏਹਨਾਂ ਨੂੰ ਪਹਿਲਾਂ 19 ਜਨਵਰੀ 1872 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਬਾਅਦ ਵਿਚ ਇਹ ਸਜ਼ਾ ਕਾਲੇ ਪਾਣੀ ਵਿਚ ਬਦਲ ਦਿਤੀ ਗਈ। ਏਹਨਾਂ ਚੌਹਾਂ ਦੇ ਨਾਮ ਸਨ "ਸ. ਭਗਵਾਨ ਸਿੰਘ, ਗਿਆਨ ਸਿੰਘ, ਥੰਮਣ ਸਿੰਘ ਅਤੇ ਮੇਹਰ ਸਿੰਘ।"

ਪ੍ਰਸ਼ਨ : ਮਲੇਰ ਕੋਟਲੇ ਦੀ ਲੜਾਈ ਤੇ ਨੋਟ ਲਿਖੋ।

ਉੱਤਰ : ਮਲੌਦ ਤੋਂ ਚਾਲੇ ਪਾ ਜਥਾ 14 ਤਰੀਕ ਦੀ ਅਧੀ ਰਾਤ ਤੋਂ ਪਹਿਲਾਂ ਹੀ ਕੋਟਲੇ ਦੀ ਜੂਹ ਵਿਚ ਪਹੁੰਚ ਗਿਆ। ਕੋਟਲੇ ਵਾਲਿਆਂ ਨੂੰ ਸਰਕਾਰ ਵਲੋਂ ਪਹਿਲਾਂ ਖਬਰ ਦਿਤੀ ਜਾ ਚੁਕੀ ਸੀ ਤੇ ਸੁਰਖਿਆ ਦੇ ਪ੍ਰਬੰਧ ਕਰ ਲਏ ਸਨ। ਸ਼ਹਿਰੋਂ ਬਾਹਰ ਦੋ ਕੋਹ ਦੀ ਵਿਥ ਤੇ ਜਥੇ ਨੇ ਇਕ ਪੁਰਾਣੇ ਬਾਗ਼ ਵਿਚ ਡੇਰੇ ਲਾਏ। ਸਿਖਾਂ ਦਾ ਮੁਖ ਨਿਸ਼ਾਨਾ

ਸ਼ਹਿਰ ਦਾ ਕੋਤਵਾਲ, ਤਹਿਸੀਲਦਾਰ ਤੇ ਨਾਜਮ ਸਨ ਜਿਨ੍ਹਾਂ ਨੇ ਗੁਰਮੁਖ ਸਿੰਘ ਦੇ ਸਾਹਮਣੇ ਬੈਲ ਨੂੰ ਜਿਬਾਹ ਕੀਤਾ 15 ਜਨਵਰੀ 1872 ਨੂੰ ਸਵੇਰ ਸਾਰ ਹੀ ਜਥਾ ਢਾਬੀ ਦਰਵਾਜ਼ੇ ਪਹੁੰਚਿਆ। ਫੇਜ ਦੇ ਅੰਦਰ ਦੇ ਪਾਸੇ ਹੀ ਬੁਚੜਾਂ ਦਾ 'ਚਿੜੀ ਮਾਰ' ਮਹੱਲਾ ਸੀ ਜਿਥੇ ਜਮਾਲਪੁਰ ਦੇ ਰੋਹੇਲੇ ਪਠਾਣਾਂ ਦੀ ਸ਼ਹਿ ਤੇ ਬੁਚੜ ਗਊ-ਬੱਧ ਕਰਦੇ ਸਨ। ਦਰਵਾਜ਼ੇ ਨਾਲੋਂ ਫਸੀਲ ਟੁਟੀ ਹੋਈ ਸੀ। ਕੁਝ ਸਿੰਘਾਂ ਉਥੋਂ ਅੰਦਰ ਜਾ ਦਰਵਾਜ਼ਾ ਖੋਲ੍ਹ ਦਿਤਾ। ਸਿਖ ਜੈਕਾਰੇ ਛਡਦੇ ਚਿੜੀ ਮਾਰ ਮਹੱਲੇ ਜਾ ਵੜੇ। ਲੋਕਾਂ ਵਿਚ ਖਲਬਲੀ ਮਚ ਗਈ। ਲੋਕੀਂ ਡਰਦੇ ਕੋਠਿਆਂ ਤੇ ਚੜ੍ਹ ਗਏ ਤੇ ਜਥੇ ਵਾਲਿਆਂ ਨੂੰ ਪਥਰ ਮਾਰਣੇ ਸ਼ੁਰੂ ਕਰ ਦਿਤੇ। ਜਥਾ ਉਥੋਂ ਸਿਧਾ ਕਿਲੇ ਦੇ ਚੌਂਕ ਵਿਚਲੀ ਕੋਤਵਾਲੀ ਸਾਹਮਣੇ ਆ ਗਿਆ। ਏਥੇ ਕਰੀਬ ਘੰਟਾ ਸਵਾ ਡਟਵੀਂ ਲੜਾਈ ਹੋਈ। ਕੋਤਵਾਲ ਅਹਿਮਦ ਖਾਂ ਤੇ ਸਤ ਸਿਪਾਹੀ ਮਾਰੇ ਗਏ। ਕਰੀਬ 15 ਫੱਟੜ ਹੋਏ। ਜਥੇ ਵਾਲਿਆਂ ਵਿਚੋਂ 7 ਸਿੰਘ ਸ਼ਹੀਦ ਹੋਏ, ਕੁਝ ਫਟੜ ਹੋਏ। ਫੇਰ ਕੋਟਲੇ ਵਾਲਿਆਂ ਹੌਂਸਲੇ ਛਡ ਦਿਤੇ। ਅਗੋਂ ਹਮਲਾ ਨਾ ਹੁੰਦਾ ਵੇਖ ਜਥੇ ਵਾਲੇ ਕੋਲੋਂ ਦਰਵਾਜ਼ੇ ਰਾਹੀਂ ਬਾਹਰ ਆ ਗਏ। ਵਜ਼ੀਰ ਸਿੰਘ ਪਿਛੇ ਰਹਿ ਗਿਆ। ਬਾਕੀ ਫਟੜਾਂ ਨੂੰ ਜਥੇ ਵਾਲੇ ਨਾਲ ਲੈ ਗਏ। ਏਨ੍ਹਾਂ ਦੇ ਪਿਛੇ ਕੋਟਲੇ ਦੇ ਚਾਰ ਅਫ਼ਸਰ ਤੇ ਕੁਝ ਸਿਪਾਹੀ ਪਿਛੇ ਲਗ ਗਏ। ਪਰ ਉਹਨਾਂ ਹਮਲਾ ਨਾ ਕੀਤਾ। ਜ਼ਖਮੀਆਂ ਦੀ ਸੰਭਾਲ ਤੇ ਲੰਗਰ ਛਕਣ ਲਈ ਪਿੰਡ ਰੜ੍ਹ ਚਲਣ ਦੀ ਵਿਚਾਰ ਕੀਤੀ ਗਈ। ਜਦੋਂ ਪਿੰਡ ਭੂਦਨ ਦੇ ਥੇਹ ਤੇ ਜਥਾ ਪਹੁੰਚਿਆ ਤਾਂ ਦਫ਼ੇਦਾਰ ਸਮੁੰਦ ਖਾਂ ਨੇ ਹੀਰਾ ਸਿੰਘ ਨੂੰ ਲਲਕਾਰਿਆ। ਹੀਰਾ ਸਿੰਘ ਝਟ ਸਮੁੰਦ ਖਾਂ ਦੇ ਸਾਹਮਣੇ ਆ ਖਲੋਤਾ। ਪਹਿਲਾ ਵਾਰ ਸਮੁੰਦ ਖਾਂ ਨੇ ਕੀਤਾ। ਸਰਦਾਰ ਕੋਲ ਢਾਲ ਨਹੀਂ ਸੀ ਉਸ ਨੇ ਖੱਬੀ ਬਾਂਹ ਅਗੇ ਕਰ ਦਿਤੀ। ਤਲਵਾਰ ਥੋੜ੍ਹੀ ਬਾਂਹ ਕੱਟ ਗਈ। ਅਗੋਂ ਸਰਦਾਰ ਨੇ ਅਗੇ ਵਧ ਕੇ ਵਾਰ ਕੀਤਾ, ਸਮੁੰਦ ਖਾਂ ਦਾ ਸਿਰ ਕਟ ਕੇ ਜ਼ਮੀਨ ਤੇ ਡਿਗ ਪਿਆ। ਬਾਂਹ ਤੇ ਪੱਟੀ ਬੰਨ੍ਹ ਕੇ ਸਰਦਾਰ ਨੇ ਜਥੇ ਦੀ ਅਗਵਾਈ ਜਾਰੀ ਰਖੀ। ਕੋਟਲੇ ਵਾਲੇ ਜੋ ਪਿਛਾ ਕਰ ਰਹੇ ਸਨ ਉਹਨਾਂ ਵਿਚੋਂ ਇਕ ਚੰਗਾ ਨਿਸ਼ਾਨਚੀ ਸੀ। ਉਸ ਨੇ ਪਿਛੋਂ ਗੋਲੀ ਚਲਾ ਦਿਤੀ। ਹੀਰਾ ਸਿੰਘ ਦੇ ਹੱਥ ਤੇ ਗੋਲੀ ਲਗ ਘੋੜੇ ਨੂੰ ਲਗੀ। ਹੀਰਾ ਸਿੰਘ ਦਾ ਬਚਾ ਹੋ ਗਿਆ। ਥੇਹ ਤੇ ਸਰਦਾਰ ਨੇ ਬਰਛੀ ਗਡ ਦਿਤੀ ਅਤੇ ਬਚਨ ਕੀਤਾ "ਸਾਨੂੰ ਤਾਂ ਬਾਪੂ ਜੀ ਕਾ ਇਤਨਾ ਹੁਕਮ ਸੀ। ਅਸੀਂ ਤਾਂ ਅਗੇ ਕੱਖ ਨਹੀਂ ਤੋੜਨਾ।" ਜਥੇ ਵਾਲੇ ਪੈਦਲ ਰੜ੍ਹ ਪਿੰਡ ਪਹੁੰਚੇ ਤੇ ਸ਼ਸਤਰ ਸੁਟ ਦਿਤੇ। ਸਰਦਾਰ ਨੇ ਫੇਰ ਆਖਿਆ 'ਜਿਨ੍ਹਾਂ ਜਾਣਾ ਹੈ ਚਲੇ ਜਾਵੋ ਅਸੀਂ ਤਾਂ ਹੁਣ ਸਿਰ ਦੇਣੇ ਹਨ।' ਪਿੱਪਲ ਥਲੇ ਖੂਹ ਤੇ ਡੇਰਾ ਕੀਤਾ।

ਪ੍ਰਸ਼ਨ : ਸ਼ਹੀਦੀ ਜੱਥੇ ਨੇ ਗ੍ਰਿਫਤਾਰੀ ਕਿਥੇ ਤੇ ਕਿਵੇਂ ਦਿਤੀ ?

ਉੱਤਰ : ਜਥੇ ਨੇ ਰੜ੍ਹ (ਰੁੜਗੜ੍ਹ) ਆ ਹਥਿਆਰ ਸੁਟ ਦਿਤੇ। ਉਥੇ ਤੇਲ ਕੜਾਹੀ ਵਿਚ ਚਾੜ੍ਹ ਕੇ ਹੀਰਾ ਸਿੰਘ ਨੇ ਪਹਿਲਾਂ ਨਰਾਇਣ ਸਿੰਘ ਦਾ ਟੁੰਡ ਤੇ ਫੇਰ ਆਪਣਾ ਜ਼ਖਮੀ ਪੌਂਚਾ ਤਲਿਆ। ਫੇਰ ਪ੍ਰਸ਼ਾਦੇ ਛਕੇ। ਫੇਰ ਹੀਰਾ ਸਿੰਘ ਦੇ ਕਹਿਣ ਤੇ ਗ੍ਰਿਫਤਾਰੀਆਂ ਦੇਣ ਲਈ ਜਥੇ ਨੇ ਸ਼ੇਰਪੁਰੇ ਥਾਣੇ ਵਲ ਚਾਲੇ ਪਾ ਦਿਤੇ। ਸ਼ਬਦ ਪੜ੍ਹਦੇ ਰਵਾਂ ਰਵੀ ਥਾਣੇ ਪਹੁੰਚ ਗਏ। ਥਾਣੇਦਾਰ ਨੂੰ ਸਾਰੇ ਇਕਬਾਲੀ ਬਿਆਨ ਦੇ ਗ੍ਰਿਫਤਾਰੀਆਂ 16 ਜਨਵਰੀ 1872 ਈ: ਨੂੰ ਦੇ ਦਿਤੀਆਂ।

ਪ੍ਰਸ਼ਨ : ਸਤਿਗੁਰੂ ਰਾਮ ਸਿੰਘ ਜੀ ਡੀ. ਸੀ. ਕਾਵਨ ਨੂੰ ਕਿਥੇ ਮਿਲੇ। ਸੰਖੇਪ ਵਿਚ ਵਰਨਣ ਕਰੋ।

ਉੱਤਰ : ਜਦੋਂ ਮਸਤਾਨਿਆਂ ਦਾ ਜਥਾ ਸ੍ਰੀ ਭੈਣੀ ਸਾਹਿਬ ਤੋਂ ਚਲਾ ਗਿਆ ਅਤੇ ਭੈਣੀ ਸਾਹਿਬ ਸਥਿਤ ਪੁਲੀਸ ਨੇ ਕੋਈ ਕਦਮ ਨਾ ਚੁਕਿਆ ਤਾਂ ਸਤਿਗੁਰੂ ਜੀ ਨੇ ਬਾਬਾ ਲਖਾ ਸਿੰਘ ਜੀ ਨੂੰ ਲੁਧਿਆਣੇ ਡੀ. ਸੀ. ਨੂੰ ਇਤਲਾਹ ਦੇਣ ਲਈ ਭੇਜਿਆ। ਡੀ. ਸੀ. ਕਾਵਨ ਨੇ ਗੱਲ ਸੁਣ ਉਸ ਨੂੰ (ਲਖਾ ਸਿੰਘ ਜੀ) ਗ੍ਰਿਫਤਾਰ ਕਰ ਲਿਆ ਤੇ ਆਪ ਮਲੌਦ ਤੇ

ਧਾਵੇ ਦੀ ਖਬਰ ਸੁਣ ਘਟਨਾ ਦਾ ਖੁਦ ਜਾਇਜ਼ਾ ਲੈਣ ਲਈ ਮਲੌਦ ਚਲਾ ਗਿਆ ਤੇ ਨਾਲ ਹੀ ਇਕ ਥਾਣੇਦਾਰ ਨੂੰ ਗੁਰੂ ਰਾਮ ਸਿੰਘ ਜੀ ਨੂੰ ਮਲੌਦ ਪਹੁੰਚਣ ਲਈ ਭੇਜ ਦਿਤਾ। ਸ੍ਰੀ ਸਤਿਗੁਰੂ ਜੀ, ਸੂਬਾ ਜਵਾਹਰ ਸਿੰਘ ਸੂਬਾ ਕਾਹਨ ਸਿੰਘ, ਸੂਬਾ ਸਾਹਿਬ ਸਿੰਘ, ਸੂਬਾ ਖਚਾਨ ਸਿੰਘ ਤੇ ਜੱਗਾ ਸਿੰਘ ਨਾਲ ਮਲੌਦ ਚਲੇ ਗਏ । ਕਾਵਨ 15 ਜਨਵਰੀ ਨੂੰ ਦੁਪਿਹਰ ਮਲੌਦ ਪਹੁੰਚਿਆ। ਜਦੋਂ ਕਿ ਸਤਿਗੁਰੂ ਜੀ 16 ਜਨਵਰੀ ਨੂੰ ਦੁਪਿਹਰ ਵੇਲੇ ਮਲੌਦ ਪਹੁੰਚੇ। ਤਦੋਂ ਤੱਕ ਸਿੱਖਾਂ ਨੇ ਕੋਟਲੇ ਧਾਵਾ ਬੋਲ ਦਿਤਾ ਹੋਇਆ ਸੀ। ਕੋਟਲੇ ਦੀ ਘਟਨਾ ਸੁਣ ਡੀ. ਸੀ. ਮਲੇਰ ਕੋਟਲੇ ਜਾਣ ਨੂੰ ਕਾਹਲਾ ਸੀ । ਜਦੋਂ ਸਤਿਗੁਰੂ ਜੀ ਮਲੌਦ ਪਹੁੰਚੇ ਤਾਂ ਉਹ ਆਖਣ ਲਗਾ। "ਤੁਹਾਡੇ ਸਿੱਖਾਂ ਨੇ ਲੜਾਈਆਂ ਕੀਤੀਆਂ ਹਨ। ਇਕ ਦਰੋਗਾ ਤੇ ਕਾਜ਼ੀ ਮਾਰਿਆ ਹੈ। ਤੁਹਾਡੇ ਵੀ ਦੋ ਸਿੰਘ ਮਰੇ ਹਨ। ..... ਜੇ ਲੌੜ ਪਈ ਤਾਂ ਤੁਹਾਨੂੰ ਫੇਰ ਬੁਲਾਵਾਂਗਾ।" ਸੰਖੇਪ ਵਿਚ ਗੱਲ ਕਰ ਕੇ ਡੀ. ਸੀ. ਮਲੇਰ ਕੋਟਲੇ ਚਲਾ ਗਿਆ ਤੇ ਸ੍ਰੀ ਸਤਿਗੁਰੂ ਜੀ ਸਿਆਹੜ ਆ ਠਹਿਰੇ। ਏਥੇ 16 ਦੀ ਰਾਤ ਤੇ 17 ਜਨਵਰੀ ਦਾ ਦਿਨ ਰਹੇ। ਏਥੇ ਹੀ ਭਿਖੀ ਵਾਲੇ ਬਾਣੀਏ ਨਾਮਧਾਰੀ ਸਿੰਘ ਸੌਣ ਸਿੰਘ ਨੇ ਮਲੇਰ ਕੋਟਲੇ ਦੀ ਘਟਨਾ ਸਤਿਗੁਰੂ ਜੀ ਨੂੰ ਦਸੀ । ਜਦੋਂ ਤੋਪਾਂ ਚਲਣ ਦੀ ਆਵਾਜ਼ ਆਈ ਤਾਂ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਪਾ ਦਿਤੇ ਤੇ ਰਾਤ ਤਕ ਡੇਰੇ ਪਹੁੰਚ ਗਏ।

ਪ੍ਰਸ਼ਨ : 17-18 ਜਨਵਰੀ 1872 ਈ. ਦੀਆਂ ਘਟਨਾਵਾਂ ਦਾ ਸੰਖੇਪ ਵਿਚ ਵਰਨਣ ਕਰੋ ?

ਉੱਤਰ : **17 ਜਨਵਰੀ 1872 :** ਮਿ: ਕਾਵਨ ਦੇ ਹੁਕਮ ਅਨੁਸਾਰ ਨਾਇਬ ਨਾਜ਼ਮ ਨਿਆਜ਼ ਅਲੀ 16 ਜਨਵਰੀ ਨੂੰ ਜਥੇ ਵਾਲਿਆਂ ਨੂੰ ਕੋਟਲੇ ਲਿਆਉਣ ਵਾਸਤੇ ਤੁਰ ਪਿਆ। ਸ਼ਾਮੀ 4-5 ਵਜੇ ਕੋਟਲੇ ਤੋਂ ਚਲ ਕੇ ਰਾਤ ਨੂੰ ਸ਼ੇਰਪੁਰ ਪਹੁੰਚਿਆ। ਕਿਉਂ ਜੁ ਕੈਦੀ ਇਕ ਰਿਆਸਤ ਤੋਂ ਦੂਸਰੀ ਰਿਆਸਤ ਵਿਚ ਲਿਜਾਣੇ ਸਨ। ਇਸ ਲਈ ਕਾਗਜ਼ੀ ਕਾਰਵਾਈ ਕਰ ਕੇ 17 ਜਨਵਰੀ ਸਵੇਰੇ ਉਹ ਸਿੰਘਾਂ ਦੇ ਜਥੇ ਨੂੰ ਲੈ ਕੇ ਕੋਟਲੇ ਤੁਰਿਆ ਤੇ ਸ਼ਾਮ ਨੂੰ 4 ਕੁ ਵਜੇ ਕੋਟਲੇ ਪਹੁੰਚਿਆ। ਉਸ ਵੇਲੇ ਜਥੇ ਦੀ ਗਿਣਤੀ 68 ਸੀ ਜਿਨ੍ਹਾਂ ਵਿਚ ਦੋ ਇਸਤ੍ਰੀਆਂ ਸਨ। ਕਾਵਨ ਬਹੁਤ ਕਾਹਲਾ ਪਿਆ ਹੋਇਆ ਸੀ। ਜਥੇ ਨੂੰ ਵੇਖਦੇ ਸਾਰ ਉਹਨਾਂ ਨੂੰ ਪਿੰਡ ਜਮਾਲਪੁਰ ਦੇ ਨਾਲ ਲਗਦੇ ਪਰੇਡ-ਗਰਾਊਂਡ ਵਿਚ ਲਿਆਂਦਾ ਗਿਆ। ਏਥੇ ਪਹਿਲਾਂ ਹੀ ਪਟਿਆਲਾ, ਨਾਭਾ ਤੇ ਜੀਂਦ ਦੀਆਂ ਸਿੱਖ ਰਿਆਸਤਾਂ ਦੇ 750 ਸਿਪਾਹੀ ਤੇ ਅਫਸਰ ਤੇ 9 ਤੋਪਾਂ ਸਮੇਤ ਕੋਟਲੇ ਦੇ ਪ੍ਰਬੰਧ ਲਈ ਪਹੁੰਚ ਚੁਕੇ ਸਨ। ਨੌਂ ਦੀਆਂ ਨੌਂ ਤੋਪਾਂ ਗਰਾਊਂਡ ਵਿਚ ਬੀੜੀਆਂ ਹੋਈਆ ਸਨ। ਸ਼ਾਮ ਦੇ ਕਰੀਬ 5 ਵਜ ਚੁਕੇ ਸਨ। ਦੋਵੇਂ ਇਸਤਰੀਆਂ ਨੂੰ ਪਟਿਆਲੇ ਦੇ ਅਧਿਕਾਰੀਆ ਦੇ ਹਵਾਲੇ ਕਰ ਦਿਤਾ। ਕਾਵਨ ਨੇ ਹੀਰਾ ਸਿੰਘ ਤੇ ਲਹਿਣਾ ਸਿੰਘ ਨਾਲ ਗੱਲਬਾਤ ਕੀਤੀ ਜਿਸ ਦਾ ਜ਼ਿਕਰ ਉਸ 17 ਜਨਵਰੀ ਦੀ ਆਪਣੀ ਚਿੱਠੀ ਵਿਚ ਇਉਂ ਕੀਤਾ ਹੈ :

"ਇਹਨਾਂ ਕੈਦੀਆਂ ਦਾ ਵਰਤਾਵ ਬਹੁਤ ਹੀ ਨਿਡਰਤਾ ਭਰਿਆ ਅਤੇ ਹਾਕਮਾਂ ਆਦਿ ਤੋਂ ਨਾ ਦਬਣ ਵਾਲਾ ਸੀ । ਉਹ ਅੰਗਰੇਜ਼ੀ ਸਰਕਾਰ ਅਤੇ ਦੇਸੀ ਰਿਆਸਤੀ ਰਾਜਿਆਂ ਨੂੰ ਗਾਲ੍ਹਾਂ ਦੇ ਰਹੇ ਸਨ। ਉਹ ਸਾਰੇ ਦੇ ਸਾਰੇ ਮੰਨਦੇ ਸਨ ਕਿ ਉਹ ਮਲੌਦ ਅਤੇ ਕੋਟਲੇ ਤੇ ਹੋਏ ਹਮਲਿਆਂ ਵਿਚ ਸ਼ਾਮਲ ਸਨ ਅਤੇ ਮਾਣ ਨਾਲ ਇਹ ਗਲ ਕਹਿੰਦੇ ਸਨ ।" ਸਤਿਗੁਰੂ ਬਿਲਾਸ ਦਾ ਕਰਤਾ ਬਾਬਾ ਸੰਤੋਖ ਸਿੰਘ ਪੰਨਾ 418 ਤੇ ਲਿਖਦਾ ਹੈ :

"ਥਿਲੇ ਨੇ ਹੀਰਾ ਸਿੰਘ ਸੇ ਪੁਛਿਆ, ਤੁਮ ਨੇ ਕਿਉਂ ਗ਼ਦਰ ਮਚਾਇਆ ਹੈ, ਹੀਰਾ ਸਿੰਘ ਨੇ ਕਿਹਾ, ਅਸੀਂ ਫਰੰਗੀਆਂ ਦਾ ਰਾਜ ਨਹੀਂ ਚਾਹੁੰਦੇ । ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਦ ਤਕ ਥੋੜਾ ਰਾਜ ਨਹੀਂ ਮੁਕਦਾ ਗ਼ਦਰ ਮਚਾਵਾਂਗੇ । ਸਿਰ ਲਵਾਂਗੇ ਤੇ ਸਿਰ ਦੇਵਾਂਗੇ, ਥੁਆਨੂੰ ਏਥੋਂ ਕੱਢ ਕੇ ਸਾਹ ਲਵਾਂਗੇ। ਮੁੜ ਮੁੜ ਜਮਾਂਗੇ ਤੇ ਤੁਹਾਨੂੰ ਮਾਰਾਂਗੇ।" ਕਾਵਨ ਨੇ ਸਿੰਘਾਂ ਨੂੰ ਤੋਪਾਂ ਨਾਲ ਉਡਾਉਣ ਦਾ ਹੁਕਮ ਦੇ ਦਿਤਾ। ਸਭ ਤੋਂ ਪਹਿਲੇ ਸਤ ਸਿੰਘਾਂ ਵਿਚ ਹੀਰਾ ਸਿੰਘ ਤੇ ਲਹਿਣਾ ਸਿੰਘ ਸਨ । ਸਿੰਘਾਂ ਨੂੰ ਰਸੇ ਨਾਲ ਬੰਨ੍ਹਣ ਤੇ ਤੋਪ ਵਲ ਪਿਠ

ਕੇਰਨ ਲਈ ਆਖਿਆ ਗਿਆ। ਸਿੰਘਾਂ ਨੇ ਰਿਹਾ, ਅਸੀਂ ਬਿਨਾਂ ਰਸੀਆਂ ਬੰਨ੍ਹੇ ਤੋਪ ਵਲ ਮੂੰਹ ਕਰ ਕੇ ਮਰਾਂਗੇ। ਪਿਠ ਤਾਂ ਕਾਇਰ ਕਰਦੇ ਹਨ।" ਏਸ ਤਰ੍ਹਾਂ ਸਤ ਤੋਪਾਂ ਸਤ ਵਾਰ ਚਲੀਆਂ ਤੇ 49 ਸਿੰਘ ਤੂੰਬਾ ਤੂੰਬਾ ਹੋ ਕੇ ਸ਼ਹੀਦੀਆਂ ਪਾ ਗਏ। ਇਕ ਪੰਜਾਵਾਂ ਸ਼ਹੀਦ ਜੋ 17 ਜਨਵਰੀ ਨੂੰ ਹੋਇਆ ਉਹ ਸੀ 12 ਸਾਲਾਂ ਦਾ ਬੱਚਾ ਬਿਸ਼ਨ ਸਿੰਘ। ਬੱਚੇ ਦੀ ਭੋਲੀ ਸ਼ਕਲ ਵੇਖ ਕੇ ਕਾਵਨ ਦੀ ਮੇਮ ਨੂੰ ਤਰਸ ਆ ਗਿਆ ਉਸ ਨੇ ਆਪਣੇ ਪਤੀ ਨੂੰ ਬੱਚੇ ਨੂੰ ਛਡ ਦੇਣ ਲਈ ਆਖਿਆ। ਕਾਵਨ ਬੋਲਿਆ ਜੇ ਏਹ ਕਹਿ ਦੇਵੇ ਕਿ ਉਹ (ਗੁਰੂ) ਰਾਮ ਸਿੰਘ ਦਾ ਸਿੱਖ ਨਹੀਂ ਤਾਂ ਮੈਂ ਇਸ ਨੂੰ ਮਾਫ ਕਰ ਦੇਵਾਂਗਾ। ਜਦੋਂ ਬੱਚੇ ਨੂੰ ਅਜੇਹਾ ਆਖਣ ਲਈ ਕਿਹਾ ਗਿਆ ਤਾਂ ਉਹ ਬੱਚਾ ਅੱਗ ਬਬੂਲੇ ਹੋ ਉਠਿਆ ਤੇ ਉਸ ਨੇ ਉਛਲ ਕੇ ਕਾਵਨ ਦੀ ਦਾੜ੍ਹੀ ਨੂੰ ਹੱਥ ਜਾ ਪਾਇਆ। ਹਥ ਉਦੋਂ ਹੀ ਛੁਟਿਆ ਜਦੋਂ ਪਾਸ ਖਲੋਤੇ ਇਕ ਸਿਪਾਹੀ ਨੇ ਤਲਵਾਰ ਨਾਲ ਉਸ ਦੇ ਹੱਥ ਕੱਟ ਕੇ ਫੇਰ ਟੁਕੜੇ ਟੁਕੜੇ ਕਰ ਦਿਤੇ। ਜਦੋਂ ਸਤਵੀਂ ਵਾਰ ਸਿੰਘਾਂ ਦਾ ਜੱਥਾ ਤੋਪਾਂ ਸਾਹਵੇਂ ਖੜਾ ਸੀ ਤਾਂ ਕਾਵਨ ਨੂੰ ਕਮਿਸ਼ਨਰ ਫੋਰਸਾਈਥ ਦੀ ਚਿਠੀ ਮਿਲੀ ਜਿਸ ਦਾ ਸਾਰੰਸ਼ ਸੀ ਕਿ ਮੇਰੇ ਆਉਣ ਤੋਂ ਪਹਿਲਾਂ ਕੋਈ ਕਾਰਵਾਈ ਨਾ ਕੀਤੀ ਜਾਵੇ ਪਰ ਕਾਵਨ ਨੇ ਚਿਠੀ ਪੜ੍ਹ ਕੇ ਜੇਬ ਵਿਚ ਪਾ ਲਈ ਤੇ ਅਖੀਰਲੀ ਟੋਲੀ ਵੀ ਸਚਖੰਡ ਜਾ ਪਹੁੰਚੀ।

17 ਜਨਵਰੀ ਰਾਤ ਨੂੰ ਸਚੇ ਪਾਤਸ਼ਾਹ ਅਜੇ ਸ੍ਰੀ ਭੈਣੀ ਸਾਹਿਬ ਪਹੁੰਚੇ ਹੀ ਸਨ ਕਿ ਥਾਣੇਦਾਰ ਸ਼ਾਹ ਵਲੀ ਖਾਂ ਨੇ ਕਮਿਸ਼ਨਰ ਦਾ ਹੁਕਮ ਸੁਣਾਇਆ ਕਿ ਆਪ ਜਲਦੀ ਤੋਂ ਜਲਦੀ ਲੁਧਿਆਣੇ ਕਮਿਸ਼ਨਰ ਦੇ ਪੇਸ਼ ਹੋਵੋ। ਆਪ ਨੇ ਸੰਗਤਾਂ ਨੂੰ ਘਰੋਂ ਘਰੀਂ ਜਾਣ ਲਈ ਹੁਕਮ ਕੀਤਾ ਤੇ ਬਚਨ ਕੀਤਾ ਜੇਹੜਾ ਨਹੀਂ ਜਾਵੇਗਾ ਔਖਾ ਹੋਵੇਗਾ। ਫੇਰ ਗੁਰਦਿਤ ਸਿੰਘ ਨੂੰ ਗਡਾ ਤਿਆਰ ਕਰਨ ਲਈ ਕਿਹਾ। ਗਡਾ ਤਿਆਰ ਹੋਇਆ ਪਖੂਲੀਆਂ ਲਾ ਤੰਬੂ ਵਾਂਗ। ਉੱਨ ਦੀ ਦਸਤਾਰ ਸਿਰ ਤੇ ਬਧੀ। ਇਕ ਕਾਲੀ ਕੰਬਲੀ ਓੜ੍ਹ ਸਤਿਗੁਰੂ ਜੀ ਨੇ ਅਰਦਾਸ ਆਪ ਕਰ ਕੇ ਗਡੇ ਵਿਚ ਬੈਠ ਗਏ। ਆਪ ਨਾਲ ਨਾਨੂੰ ਸਿੰਘ ਨਿਜੀ ਸੇਵਕ, ਸੂਬਾ ਜਵਾਹਰ ਸਿੰਘ ਤੇ ਸੂਬਾ ਸਾਹਿਬ ਸਿੰਘ ਗਡੇ ਵਿਚ ਬੈਠ ਗਏ। 17 ਤੇ 18 ਜਨਵਰੀ ਦੀ ਰਾਤ ਨੂੰ ਕਰੀਬ 1 ਵਜੇ ਸਤਿਗੁਰੂ ਲੁਧਿਆਣੇ ਪਹੁੰਚੇ। ਏਥੇ ਮਿ: ਫੋਰਸਾਈਥ ਪਹਿਲਾਂ ਹੀ ਆਪ ਦੀ ਇੰਤਜ਼ਾਰ ਕਰ ਰਿਹਾ ਸੀ। ਉਹ ਆਪ ਨਾਲ ਦੋ-ਤਿੰਨ ਗੱਲਾਂ ਕਰਦਾ ਰਿਹਾ।

18 ਜਨਵਰੀ : ਸਵੇਰੇ (ਅੰਮ੍ਰਿਤ ਵੇਲੇ) 4 ਵਜੇ ਸ੍ਰੀ ਸਤਿਗੁਰੂ ਜੀ ਨੂੰ ਸਮੇਤ ਸੂਬਾ ਜਵਾਹਰ ਸਿੰਘ ਸੂਬਾ ਸਾਹਿਬ ਸਿੰਘ, ਸੂਬਾ ਲਖਾ ਸਿੰਘ ਤੇ ਭਾਈ ਨਾਨੂੰ ਸਿੰਘ ਜੀ ਨੂੰ ਮਿਸਟਰ ਜੱਕਸ਼ਨ ਦੀ ਗੋਰਖਾ ਗਾਰਦ ਦੇ ਪਹਿਰੇ ਹੇਠ ਅਲਾਹਬਾਦ ਭੇਜ ਦਿਤਾ ਤੇ ਆਪ ਮਿ: ਫੋਰਸਾਈਥ ਘੋੜੇ ਤੇ ਸਵਾਰ ਹੋ ਕੇ ਕਰਨਲ ਗੜ੍ਹ ਸਮੇਤ ਰਸਾਲੇ ਦੇ ਇਕ ਦਸਤੇ ਨਾਲ ਮਲੇਰ ਕੋਟਲੇ ਪਹੁੰਚ ਗਿਆ। ਕਮਿਸ਼ਨਰ ਦੇ ਹੁਕਮ ਅਨੁਸਾਰ ਹੁਣ ਕਾਵਨ ਕੋਟਲੇ ਦੇ ਨਾਜ਼ਮ ਅਤੇ ਤਹਿਸੀਲਦਾਰ ਤਿੰਨਾਂ ਦਾ ਬੈਂਚ ਬਣਾ ਕੇ ਬਾਕੀ 16 ਸਿੱਖਾਂ ਨੂੰ ਪੇਸ਼ ਕੀਤਾ ਗਿਆ। ਕਾਗਜ਼ੀ ਕਾਰਵਾਈ ਕੀਤੀ ਗਈ ਤੇ 16 ਸਿੱਖਾਂ ਨੂੰ ਮੌਤ ਦੀ ਸਜ਼ਾ ਸੁਣਾ ਦਿਤੀ ਗਈ। ਜੋ ਕਮਿਸ਼ਨਰ ਨੇ ਝਟ ਮਨਜ਼ੂਰ ਕਰ ਦਿਤੀ। ਸੋ ਦੁਪਹਿਰੋਂ ਪਹਿਲੇ ਹੀ ਬਾਕੀ 16 ਸਿੱਖਾਂ ਨੂੰ ਵੀ ਤੋਪਾਂ ਨਾਲ ਉਡਾ ਦਿਤਾ ਗਿਆ।

ਪ੍ਰਸ਼ਨ : ਵਰਿਯਾਮ ਸਿੰਘ ਨੇ ਕਿਵੇਂ ਸ਼ਹੀਦੀ ਪ੍ਰਾਪਤ ਕੀਤੀ।

ਉੱਤਰ : 18 ਜਨਵਰੀ, 1872 ਈ: ਨੂੰ ਜਦੋਂ ਬਾਕੀ ਦੇ 16 ਸਿੱਖਾਂ ਨੂੰ ਤੋਪਾਂ ਨਾਲ ਉਡਾਇਆ ਗਿਆ, ਉਹਨਾਂ ਵਿਚੋਂ ਇਕ ਵਰਿਯਾਮ ਸਿੰਘ ਸੀ। ਇਹ ਪਟਿਆਲੇ ਵਾਲੇ ਰਾਜੇ ਦਾ ਨਜ਼ਦੀਕੀ ਸੀ। ਏਸ ਨੂੰ ਛਡ ਦੇਣ ਦੀ ਸਿਫ਼ਾਰਸ਼ ਸੀ। ਤੋਪਚੀ ਕਹਿਣ ਲਗਾ ਤੂੰ ਪਿਛੇ ਹੋ ਜਾ ਤੇਰਾ ਕੱਦ ਛੋਟਾ ਹੈ ਤੂੰ ਤੋਪ ਸਾਹਵੇਂ ਠੀਕ ਨਹੀਂ ਬੈਠਦਾ। ਤਾਂ ਉਹ ਝੱਟ ਢੀਮਾਂ, ਇਟਾਂ ਰੋੜੇ ਜੋ ਗਰਾਊਂਡ ਵਿਚ ਪਏ ਹੋਏ ਸਨ ਇਕਠੇ ਕਰ ਲਿਆਇਆ ਤੇ ਇਕ ਥੜ੍ਹਾ ਬਣਾ ਕੇ ਉਥੇ ਖੜ੍ਹ ਗਿਆ ਤੇ ਤੋਪਚੀ ਨੂੰ ਕਹਿਣ ਲਗਾ ਕਿ ਹੁਣ ਨਿਸ਼ਾਨਾ ਬੰਨ, ਠੀਕ ਬਣੇਗਾ। ਤੋਪਚੀ ਨੇ ਤੋਪ ਚਲਾਈ ਤੇ ਵਰਿਯਾਮ ਸਿੰਘ ਵੀ ਆਪਣੇ ਸਾਥੀਆਂ ਨਾਲ ਜਾ ਰਲਿਆ।

ਪ੍ਰਸ਼ਨ : ਸ੍ਰੀ ਭੈਣੀ ਸਾਹਿਬ ਤੋਂ ਲਿਜਾ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਕਿਥੇ ਕਿਥੇ ਰਖਿਆ ਗਿਆ ।

ਉੱਤਰ : 18 ਜਨਵਰੀ 1872 ਨੂੰ ਅੰਮ੍ਰਿਤ ਵੇਲੇ 4 ਵਜੇ ਸ੍ਰੀ ਸਤਿਗੁਰੂ ਜੀ ਨੂੰ ਸਮੇਤ ਤਿੰਨ ਸੂਬਿਆਂ ਤੇ ਨਿਜੀ ਸੇਵਕ ਗਡੀ ਰਾਹੀਂ ਅਲਾਹਬਾਦ ਪ੍ਰਯਾਗ ਰਾਜ ਕਿਲੇ ਵਿਚ ਭੇਜ ਦਿਤਾ ਗਿਆ ।

ਅਲਾਹਬਾਦ ਆਪ 10 ਮਾਰਚ ਤਕ ਰਹੇ ਤੇ ਰਾਤ 10 ਵਜੇ ਆਪ ਨੂੰ ਕਲਕੱਤੇ ਭੇਜ ਦਿਤਾ ਗਿਆ ਜਿਥੋਂ 11 ਮਾਰਚ 1872 ਈ: ਨੂੰ ਆਪ ਨੂੰ ਨਿਜੀ ਸੇਵਕ ਨਾਲ ਬਰਮਾਂ ਵਾਸਤੇ ਸ਼ਾਮ ਨੂੰ 7 ਵਜੇ ਸ਼ਮੁੰਦਰੀ ਜਹਾਜ਼ ਵਿਚ ਚਾੜ੍ਹ ਦਿਤਾ ਗਿਆ ।

ਸਵੇਰੇ 16 ਮਾਰਚ 1872 ਈ: ਨੂੰ ਆਪ ਬਰਮਾ (ਰੰਗੂਨ) ਵਿਖੇ ਪਹੁੰਚੇ । ਏਥੇ 18 ਸਿਤੰਬਰ 1880 ਤਕ ਰਹੇ । ਪਰ ਸਿਖਾਂ ਦਾ ਆਉਣਾ ਜਾਣਾ ਵੇਖ ਆਪ ਨੂੰ 'ਆਨੰਦਾ' ਨਾਮਕ ਕਿਸ਼ਤੀ ਰਾਹੀਂ ਮਰਗੋਈ ਭੇਜ ਦਿਤਾ ਗਿਆ । ਸੋ ਰੰਗੂਨ ਆਪ ਕਰੀਬ ਕਰੀਬ ਸਾਢੇ 8 ਸਾਲ ਰਹੇ ।

ਮਰਗੋਈ ਆਪ 21 ਸਿਤੰਬਰ 1880 ਨੂੰ ਪਹੁੰਚੇ । ਏਥੇ ਕਰੀਬ ਕਰੀਬ 5 ਸਾਲ ਰਹੇ । ਫੇਰ ਨਵੰਬਰ 1885 ਦੇ ਕਰੀਬ ਕਰੀਬ ਆਪ ਅਲੋਪ ਹੋ ਗਏ ਤੇ ਕਿਤੇ ਅਗਿਆਤ ਜਗ੍ਹਾ ਚਲੇ ਗਏ ।

ਪ੍ਰਸ਼ਨ : ਸ੍ਰੀ ਸਤਿਗੁਰੂ ਜੀ ਦਾ ਬਿਦੇਸ਼ ਤੋਂ ਪਹਿਲਾਂ ਹੁਕਮ ਨਾਮਾ ਕੀ ਆਇਆ ਉਸ ਦਾ ਸਾਰੰਸ਼ ਦਿਓ । ਇਹ ਹੁਕਮ ਨਾਮਾ ਕੌਣ ਲੈ ਕੇ ਆਇਆ ।

ਉੱਤਰ : ਸਤਿਗੁਰੂ ਰਾਮ ਸਿੰਘ ਜੀ ਦਾ ਪਹਿਲਾ ਹੁਕਮਨਾਮਾ 1876 ਈ: ਵਿਚ ਬਾਬਾ ਦਰਬਾਰਾ ਸਿੰਘ ਜੀ ਰੰਗੂਨ ਤੋਂ ਲੈ ਕੇ ਆਏ ਜਿਸ ਦੇ ਕੁਝ ਕੁ ਅੰਸ਼ ਏਹ ਹਨ :

"ਬੁਧ ਸਿੰਘ ਜੀ ਦਾ ਨਾਮ ਅੱਜ ਤੋਂ ਹਰੀ ਸਿੰਘ ਹੋਇਆ । ਇਹ ਸਿਖੀ ਹਰੀ ਰਖਣਗੇ । ਅੱਜ ਤੋਂ ਏਹਨਾਂ ਨੂੰ ਸਿਰ ਕਰਤਾ ਜਾਨਣਾ । ਇਨ੍ਹਾਂ ਦੇ ਧੱਕੇ ਹੋਏ ਨੂੰ ਮੈਂ ਨਹੀਂ ਬਖਸ਼ਾਂਗਾ । ਮੇਰੇ ਧੱਕੇ ਹੋਏ ਨੂੰ ਇਹ ਬਖਸ਼ ਸਕਣਗੇ ।"

ਪ੍ਰਸ਼ਨ : ਪ੍ਰਮਾਣਾਂ ਸਹਿਤ ਸਿਧ ਕਰੋ ਕਿ ਗੁਰੂ ਰਾਮ ਸਿੰਘ ਜੀ ਨੇ ਮਰਗੋਈ ਵਿਖੇ ਸਰੀਰ ਨਹੀਂ ਛਡਿਆ ।

ਉੱਤਰ : ਹੇਠ ਲਿਖੇ ਪ੍ਰਮਾਣਾਂ ਤੋਂ ਸਿਧ ਹੁੰਦਾ ਹੈ ਕਿ ਗੁਰੂ ਰਾਮ ਸਿੰਘ ਜੀ ਨੇ 29 ਨਵੰਬਰ 1885 ਨੂੰ ਮਰਗੋਈ ਵਿਖੇ ਸਰੀਰ ਨਹੀਂ ਛਡਿਆ ਸਗੋਂ ਮੌਕਾ ਪਾ ਕੇ ਕਿਤੇ ਅਗਿਆਤ ਜਗ੍ਹਾ ਚਲੇ ਗਏ ।

1) **ਸਰ ਚਾਰਲਸ ਬਰਨਾਡ ਦਾ ਪੱਤਰ :** ਸਰ ਬਰਨਾਡ 1886 ਵਿਚ ਬਰਮਾ ਦਾ ਚੀਫ਼ ਕਮਿਸ਼ਨਰ ਸੀ । ਉਸ ਨੇ 23 ਅਗਸਤ 1886 ਵਿਚ ਆਪਣੇ ਭਾਰਤੀ ਦੋਸਤ ਸਰਦਾਰ ਅਤਰ ਸਿੰਘ ਭਦੌੜ ਨੂੰ ਖੱਤ ਲਿਖਿਆ ਜਿਸ ਤੋਂ ਸਿਧ ਹੁੰਦਾ ਹੈ ਕਿ ਸਤਿਗੁਰੂ ਜੀ ਉਸ ਵੇਲੇ ਅਜੇ ਜੇਲ੍ਹ ਵਿਚ ਸਨ ਨਾਕਿ 1885 ਨਵੰਬਰ ਵਿਚ ਜੋਤੀ ਜੋਤ ਸਮਾ ਗਏ ਸਨ । ਸਰ ਚਾਰਲਸ ਬਰਨਾਡ ਲਿਖਦਾ ਹੈ "(ਗੁਰੂ) ਰਾਮ ਸਿੰਘ ਕੂਕਾ ਐਸੀ ਦੂਰ ਥਾਂ ਤੇ ਬਦਲਿਆ ਜਾ ਰਿਹਾ ਹੈ ਜਿਥੋਂ (ਕੂਕਿਆਂ ਦਾ) ਉਨ੍ਹਾਂ ਨਾਲ ਸੰਪਰਕ ਕਰਨਾ ਸੌਖਾ ਨਹੀਂ ਹੋਵੇਗਾ ।"

2) **ਮੌਤ ਦਾ ਕਾਰਨ :** ਅੰਗਰੇਜ਼ ਸਰਕਾਰ ਨੇ 29 ਨਵੰਬਰ 1885 ਵਿਚ ਸ੍ਰੀ ਸਤਿਗੁਰੂ ਜੀ ਦੀ ਮੌਤ ਦਾ ਕਾਰਨ "ਡਾਇਰੀਆ" ਦਸਿਆ ਜਦੋਂ ਕਿ 1885 ਦੀ ਬਰਮਾ ਦੀ ਜੇਲ੍ਹ ਰਿਪੋਰਟ ਦੀ ਸਟੇਟਮੈਂਟ ਦੇ **Appendix No. XVI—Vital** ਵਿਚ ਸਾਲ 1885 ਵਿਚ ਬਰਮਾ ਜੇਲ੍ਹਾਂ ਵਿਚ ਕੋਈ ਵੀ ਕੈਦੀ ਡਾਇਰੀਆ ਨਾਲ ਮਰਿਆ ਨਹੀਂ ਦਿਖਾਇਆ ਗਿਆ ।

ਪੁਲਿਸ ਦੀਆਂ ਵਧੀਕੀਆਂ : ਪੁਲੀਸ ਦੇ ਭੈੜੇ ਤੋਂ ਭੈੜੇ ਬੰਦੇ ਸ੍ਰੀ ਭੈਣੀ ਸਾਹਿਬ ਪੁਲੀਸ ਥਾਣੇ ਵਿਚ ਭੇਜੇ ਜਾਂਦੇ। ਉਨ੍ਹਾਂ ਦਰਸ਼ਨੀ ਡਿਊੜੀ ਵਿਚ ਬੈਠ ਕੇ ਹੁਕੇ ਚਿਲਮਾਂ ਪੀਣੀਆਂ। ਘਰ ਦੇ ਜੀਆਂ ਨੂੰ ਘਰੋਂ ਬਾਹਰ ਤੇ ਵਾਪਸ ਅੰਦਰ ਜਾਣ ਵੇਲੇ ਤਲਾਸ਼ੀ ਦੇਣੀ ਪੈਂਦੀ। ਬਾਹਰੋਂ ਸੰਗਤਾਂ ਨੂੰ ਡੇਰੇ ਨਾ ਜਾਣ ਦਿਤਾ ਜਾਂਦਾ। ਉਹਨਾਂ ਨੂੰ ਭੈੜੇ ਭੈੜੇ ਸ਼ਬਦਾਂ ਦੀ ਵਰਤੋਂ ਕਰਨੀ ਪੁਲਿਸ ਵਾਲਿਆਂ ਨੇ ਲੰਗਰੋਂ ਪ੍ਰਸ਼ਾਦਾ ਛਕਣਾ, ਘੋੜੇ ਘੋੜੀਆਂ ਡੇਰੇ ਦੀਆਂ ਵਰਤਣੀਆਂ, ਉਪਰੋਂ ਬੁਰੀ ਤਰ੍ਹਾਂ ਪੇਸ਼ ਆਉਣਾ। ਗੁਰੂ ਰਾਮ ਸਿੰਘ ਜੀ ਦੇ ਨਿਜੀ ਗ੍ਰਿਹ ਅਸਥਾਨ (ਹਰੀ-ਮੰਦਰ) ਨੂੰ ਦੋ ਵਾਰ ਪਾਣੀ ਹਾਂਦੇ ਤਕ ਪੁਟਿਆ। ਏਹ ਤਾਂ ਡੇਰੇ ਵਿਚਲੇ ਹਾਲਾਤ ਸਨ। ਏਸ ਤੋਂ ਬੁਰੇ ਹਾਲਾਤ ਸਨ ਬਾਕੀ ਪੰਜਾਬ ਵਿਚ। ਸਰਕਾਰ ਨੇ ਹੁਕਮ ਜਾਰੀ ਕਰ ਦਿਤੇ ਕਿ :

"ਪੰਜ ਨਾਮਧਾਰੀ ਇਕਕੱਠੇ ਹੋ ਕੇ ਨਹੀਂ ਬੈਠ ਸਕਦੇ। ਦੀਵਾਨ ਨਹੀਂ ਲਾ ਸਕਦੇ। ਪਿੰਡਾਂ ਸ਼ਹਿਰਾਂ ਜਿਥੇ ਵੀ ਕੋਈ ਨਾਮਧਾਰੀ ਹੈ ਉਥ ਹਾਜ਼ਰੀ ਭਰਿਆ ਕਰੇ। ਮੁਹਤਬਿਰ ਕੂਕਿਆਂ ਦੀਆਂ ਜਾਇਦਾਦਾਂ ਜ਼ਬਤ ਕਰ ਲਈਆਂ।"

ਸਰਕਾਰੀ ਝੋਲੀ ਚੁਕਾਂ ਨੇ ਤਾਂ ਹੱਦ ਹੀ ਕਰ ਦਿਤੀ। ਕੂਕਿਆਂ ਨੂੰ ਬੁਰੀ ਤਰ੍ਹਾਂ ਸਤਾਂਦੇ। ਜਿਥੇ ਕਿਤੇ ਅੰਮ੍ਰਿਤ ਵੇਲੇ ਖੂਹ ਤੇ ਪਾਣੀ ਭਰਨ ਦੇ ਅਵਾਜ਼ ਆਉਂਦੀ ਤਾਂ ਮੁਖਬਰਾਂ ਝਟ ਜਾ ਕੇ ਵੇਖਣਾ ਕਿਤੇ ਕੂਕਾ ਤਾਂ ਨਹੀਂ। ਭਾਵ ਕਿ ਕੂਕਾ ਬਣਨਾ ਮਾਨੋਂ ਜੁਰਮ ਕਰਾਰ ਦੇ ਦਿਤਾ ਹੋਵੇ।

ਪ੍ਰਸ਼ਨ : 17 ਜਨਵਰੀ ਸੰਨ 1872 ਨੂੰ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਬਾਰੇ ਸੰਖੇਪ ਵਿਚ ਦਸੋ।

ਉੱਤਰ : ਮਲੌਦ ਤੇ ਹੱਮਲੇ ਦੀ ਖਬਰ ਸੁਣ ਕੇ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਕਾਵਨ ਮਲੌਦ ਪੁਜ ਚੁਕਾ ਸੀ। ਉਸ ਦੇ ਬੁਲਾਣ ਤੇ ਸਤਿਗੁਰੂ ਰਾਮ ਸਿੰਘ ਜੀ 16 ਜਨਵਰੀ ਨੂੰ ਮਲੌਦ ਮਿਸਟਰ ਕਾਵਨ ਨੂੰ ਮਿਲੇ ਅਤੇ ਰਾਤ ਪਿੰਡ ਸਿਆਹੜ ਜਾ ਰਹੇ। ਅਗਲੇ ਦਿਨ ਦੋਪਹਿਰ ਨੂੰ ਜਦ ਸਿਆਹੜ ਵਿਖੇ ਤੋਪਾਂ ਦੀ ਆਵਾਜ਼ ਸੁਣੀ ਤਾਂ ਆਪ ਜੀ ਸਮਝ ਗਏ ਕਿ ਇਹ ਤੋਪਾਂ ਉਨ੍ਹਾਂ ਦੇ ਲਾਡਲਿਆਂ ਤੇ ਚਲ ਰਹੀਆਂ ਹਨ। ਛੇਤੀ ਹੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਨੂੰ ਮੁੜ ਪਏ।

ਕਮਿਸ਼ਨਰ ਅੰਬਾਦਾ ਮਿਸਟਰ ਫੋਰਸਿਧ ਨੇ ਲੁਧਿਆਣੇ ਪਹੁੰਚ ਕੇ 17 ਜਨਵਰੀ ਨੂੰ ਹੀ, ਕਟਨਲ ਬੇਲੀ ਨੂੰ ਸ੍ਰੀ ਭੈਣੀ ਸਾਹਿਬ ਜਾ ਕੇ ਸਤਿਗੁਰੂ ਰਾਮ ਸਿੰਘ ਜੀ ਲੁਧਿਆਣੇ ਲਿਆਉਣ ਲਈ ਭੇਜਿਆ। ਸਾਹਨੇਵਾਲ ਪੁਜ ਕੇ ਬੇਲੀ ਨੂੰ ਪਤਾ ਲਗਾ ਕਿ ਡਿਪਟੀ ਇਨਸਪੈਕਟਰ ਗੁਲਾਬ ਸਿੰਘ ਸਤਿਗੁਰੂ ਰਾਮ ਸਿੰਘ ਜੀ ਨੂੰ ਲੈਣ ਪਹਿਲਾਂ ਹੀ ਸ੍ਰੀ ਭੈਣੀ ਸਾਹਿਬ ਜਾ ਚੁਕਾ ਹੈ। ਕਰਨਲ ਬੇਲੀ ਨੇ ਉਥੇ ਉਡੀਕਣਾ ਹੀ ਠੀਕ ਸਮਝਿਆ।

ਸ੍ਰੀ ਸਤਿਗੁਰੂ ਜੀ ਸ਼ਾਮ ਨੂੰ ਸ੍ਰੀ ਭੈਣੀ ਸਾਹਿਬ ਪੁਜੇ ਸਨ ਅਤੇ ਡਿਪਟੀ ਇਨਸਪੈਕਟਰ ਦੇ ਕਹਿਣ ਤੇ ਕਿ ਉਹਨਾਂ ਨੂੰ ਲੁਧਿਆਣੇ ਬੁਲਾਇਆ ਗਿਆ ਹੈ, ਸਤਿਗੁਰ ਜੀ ਸਮਝ ਗਏ ਕਿ ਜਿਸ ਸਮੇਂ ਨੂੰ ਉਹ ਉਡੀਕਦੇ ਸਨ ਆ ਗਿਆ ਹੈ। ਹਨੇਰਾ ਛਾ ਚੁਕਾ ਸੀ।

ਸਤਿਗੁਰੂ ਜੀ ਨੇ ਮਾਈ ਕਰਮੋਂ ਵਲੋਂ ਭੇਟਾ ਕੀਤੀ ਹੋਈ ਕਾਲੀ ਕਮਲੀ ਦੀ ਬੁਕਲ ਮਾਰ ਕੇ ਗਡਾ ਤਿਆਰ ਕਰਨ ਦਾ ਹੁਕਮ ਦਿਤਾ। ਭਾਈ ਗੁਰਦਿਤ ਸਿੰਘ ਗਡਾ ਚਲਾਣ ਲਗਾ ਅਤੇ ਸ੍ਰੀ ਸਤਿਗੁਰੂ ਜੀ ਨਾਲ ਉਹਨਾਂ ਦਾ ਸੇਵਕ ਨਾਨੂੰ ਸਿੰਘ, ਸੂਬਾ ਸਾਹਿਬ ਸਿੰਘ ਅਤੇ ਜਵਾਹਰ ਸਿੰਘ ਨੂੰ ਨਾਲ ਲੈ ਕੇ ਲੁਧਿਆਣੇ ਨੂੰ ਤੁਰ ਪਏ। ਸ੍ਰੀ ਭੈਣੀ ਸਾਹਿਬ ਦੀਆਂ ਸੰਗਤਾਂ ਵਰਲਾਪ ਕਰ ਰਹੀਆਂ ਸਨ। ਬਾਬਾ ਜਸਾ ਸਿੰਘ ਜੀ, ਭਾਈ ਬੁਧ ਸਿੰਘ ਜੀ ਅਤੇ ਹੋਰ ਡੇਰੇ ਦੇ ਸੇਵਕ ਅੱਖਾਂ ਭਰੀ ਵਿਦਾਇਗੀ ਦੇ ਰਹੇ ਸਨ। ਸਤਿਗੁਰੂ ਜੀ ਨੇ ਸਭ ਨੂੰ ਅਕਾਲਪੁਰਖ ਦਾ ਭਾਣਾ ਮੰਨਣ ਅਤੇ ਸਿਮਰਨ ਕਰਨ ਦਾ ਹੁਕਮ ਦਿਤਾ ਅਤੇ ਗਡਾ ਤੋਰ ਦਿਤਾ।

ਅਧੀ ਕੁ ਰਾਤ ਨੂੰ ਸਤਿਗੁਰੂ ਜੀ ਲੁਧਿਆਣੇ ਪਹੁੰਚੇ। ਕਮਿਸ਼ਨਰ ਨੇ ਛੇਤੀ ਹੀ ਗੁਰੂ ਰਾਮ ਸਿੰਘ ਜੀ ਨਾਲ ਗਲਬਾਤ ਕੀਤੀ ਅਤੇ ਉਨ੍ਹਾਂ ਨੂੰ ਸਾਥੀਆਂ ਸਮੇਤ ਪੰਜਾਬ ਤੋਂ ਬਾਹਰ ਭੇਜਣ ਬਾਰੇ ਦਸਿਆ। ਸਵੇਰੇ ਚਾਰ ਵਜੇ ਦੀ ਸਪੇਸ਼ਲ ਗਡੀ ਰਾਹੀਂ, ਮਿ. ਜੇਕਸਨ ਦੀ ਗੋਰਖਾ ਪਲਟਨ ਦੇ ਪੈਹਰੇ ਹੇਠ, ਸ੍ਰੀ ਸਤਿਗੁਰੂ ਜੀ ਨੂੰ ਸੂਬਾ ਸਾਹਿਬ ਸਿੰਘ, ਸੂਬਾ ਲਖਾ ਸਿੰਘ, ਸੂਬਾ ਜਵਾਹਰ ਸਿੰਘ, ਅਤੇ ਨਿਜੀ ਸੇਵਕ ਨਾਨੂੰ ਸਿੰਘ ਸਮੇਤ ਇਲਹਾਬਾਦ ਨੂੰ ਰਵਾਨਾ ਕਰ ਦਿਤਾ।

ਸਾਹਨੇਵਾਲ ਰੁਕੇ ਹੋਏ ਕਰਨਲ ਬੇਲੀ ਨੂੰ ਸ੍ਰੀ ਭੈਣੀ ਸਾਹਿਬ ਜਾ ਕੇ ਪੁਛ ਪੜਤਾਲ ਅਤੇ ਤਲਾਸ਼ੀ ਲੈਣ ਦਾ ਹੁਕਮ ਭੇਜ ਦਿਤਾ।

ਪ੍ਰਸ਼ਨ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਕਿੰਨੇ ਸੂਬੇ ਜਲਾਵਤਨ ਕੀਤੇ ਗਏ ਅਤੇ ਕਿਥੇ ਕਿਥੇ ਭੇਜੇ ਗਏ।

ਉੱਤਰ : ਜਨਵਰੀ 1872 ਈ: ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਹੇਠ ਲਿਖੇ ਸੂਬੇ ਜਲਾਵਤਨ ਕਰਕੇ ਇਲਾਹਬਾਦ ਭੇਜੇ ਗਏ—

ਸੂਬਾ ਸਾਹਿਬ ਸਿੰਘ, ਲਖਾ ਸਿੰਘ, ਜਵਾਹਰ ਸਿੰਘ, ਬ੍ਰਹਮਾ ਸਿੰਘ, ਕਾਹਨ ਸਿੰਘ, ਮਲੂਕ ਸਿੰਘ, ਰੂੜ ਸਿੰਘ, ਹੁਕਮਾ ਸਿੰਘ, ਮਾਨ ਸਿੰਘ, ਪਹਾੜਾ ਸਿੰਘ ਅਤੇ ਸਰਦਾਰ ਮੰਗਲ ਸਿੰਘ।

ਇਹਨਾਂ ਵਿਚੋਂ ਬਾਬਾ ਜਵਾਹਰ ਸਿੰਘ, ਲਖਾ ਸਿੰਘ ਅਤੇ ਬ੍ਰਹਮਾ ਸਿੰਘ ਨੂੰ ਮੌਲਮੀਨ (ਬਰਮਾ) ਵਿਖੇ ਭੇਜਿਆ ਗਿਆ। ਸੂਬਾ ਸਾਹਿਬ ਸਿੰਘ ਅਤੇ ਕਾਹਨ ਸਿੰਘ ਨੂੰ ਅਦਨ ਜੇਲ੍ਹ ਵਿਚ, ਰੂੜ ਸਿੰਘ, ਮਲੂਕ ਸਿੰਘ ਅਤੇ ਪਹਾੜਾ ਸਿੰਘ ਨੂੰ ਅਸੀਰਗੜ ਦੇ ਕਿਲੇ ਵਿਚ ਅਤੇ ਮਾਨ ਸਿੰਘ, ਹੁਕਮਾ ਸਿੰਘ ਨੂੰ ਚੁਨਾਰ ਦੇ ਕਿਲੇ ਵਿਚ ਨਜ਼ਰਬੰਦ ਕੀਤਾ ਗਿਆ ਸੀ।

ਗਿਆਹਰਵੇਂ ਸਰਦਾਹ ਮੰਗਲ ਨੂੰ ਸੰਨ 1873 ਵਿਚ ਵਾਪਸ ਪਟਿਆਲਾ ਪੁਲੀਸ ਦੇ ਸਪੁਰਦ ਕਰ ਦਿਤਾ ਕਿਉਂਕਿ ਉਸ ਨੂੰ ਸਿਖ ਸਟੇਟ, ਪਟਿਆਲੇ ਤੋਂ, ਪਟਿਆਲਾ ਪੁਲੀਸ ਨੇ ਗਰਿਫਤਾਰ ਕੀਤਾ ਸੀ।

ਸੰਨ 1875 ਈ: ਵਿਚ ਸੂਬਾ ਸਾਹਿਬ ਸਿੰਘ ਅਤੇ ਕਾਹਨ ਸਿੰਘ ਨੂੰ, ਉਥੋਂ ਦਾ ਹਵਾ ਪਾਣੀ ਮਾਫਕ ਨਾ ਹੋਣ ਕਰ ਕੇ ਹਜਾਰੀਬਾਗ ਜੇਲ੍ਹ ਵਿਚ ਭੇਜ ਦਿਤਾ ਗਿਆ।

ਨਜ਼ਰਬੰਦ ਕੀਤੇ ਉਪਰੋਕਤ ਦਸ ਰਾਜਸੀ "ਕੈਦੀਆਂ" ਚੋਂ ਸੂਬਾ ਸਾਹਿਬ ਸਿੰਘ, ਪਹਾੜਾ ਸਿੰਘ, ਜਵਾਹਰ ਸਿੰਘ ਅਤੇ ਰੂੜ ਸਿੰਘ ਜੇਲ੍ਹ ਵਿਚ ਹੀ ਸ਼ਹੀਦੀਆਂ ਪਾ ਗਏ। ਸੂਬਾ ਬ੍ਰਹਮਾ ਸਿੰਘ, ਕਾਹਨ ਸਿੰਘ, ਹੁਕਮਾਂ ਸਿੰਘ, ਮਲੂਕ ਸਿੰਘ ਅਤੇ ਮਾਨ ਸਿੰਘ ਨੂੰ ਸੰਨ 1888 ਈਸਵੀ ਵਿਚ ਬਾ-ਸ਼ਰਤ ਰਿਹਾ ਕਰਕੇ ਪੰਜਾਬ ਵਾਪਸ ਭੇਜ ਦਿਤਾ ਗਿਆ ਅਤੇ ਸੂਬਾ ਲਖਾ ਸਿੰਘ ਨੂੰ ਮੌਲ ਮੀਨ (ਬਰਮਾ) ਤੋਂ ਰਿਹਾ ਨਾ ਕੀਤਾ ਗਿਆ।

ਸੂਬਾ ਲਖਾ ਸਿੰਘ ਜੀ 'ਖੁਲੀ ਨਜ਼ਰਬੰਦੀ' ਦੌਰਾਨ ਮੌਲਮੀਨ ਵਿਚ ਸੰਨ 1903 ਵਿਚ ਚੜ੍ਹਾਈ ਕਰ ਗਏ।

ਪ੍ਰਸ਼ਨ : ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਥਾਪੇ ਬਾਈ ਸੂਬਿਆਂ ਤੇ ਸੰਖੇਪ ਨੋਟ ਲਿਖੋ।

ਉੱਤਰ : ਜੂਨ 1863 ਈ: ਵਿਚ ਖੋਟੇ ਵਿਖੇ ਅਨੰਦ ਮਰਯਾਦਾ ਤੋਰਨ ਤੋਂ ਬਾਅਦ ਪੰਡਤਾਂ ਦੇ ਰੌਲਾਂ ਪਾਉਣ ਅਤੇ ਸਰਕਾਰੀ ਏਜੰਟਾਂ ਵਲੋਂ ਮਨਘੜਤ ਅਤੇ ਝੂਠੀਆਂ ਰਿਪੋਟਾਂ ਦੇ ਆਧਾਰ ਤੇ ਪੰਜਾਬ ਸਰਕਾਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦੀ ਦਾ ਹੁਕਮ ਦੇ ਦਿਤਾ। ਇੰਝ ਸ੍ਰੀ ਸਤਿਗੁਰੂ ਜੀ ਦੇ ਪ੍ਰਚਾਰ ਦੌਰੇ ਬੰਦ ਹੋ ਗਏ ਅਤੇ ਜੋ ਪ੍ਰਚਾਰ ਦੀ ਮੁਹਿੰਮ ਸਤਿਗੁਰੂ ਜੀ ਪਿਛਲੇ ਛੇ ਸਾਲਾਂ ਤੋਂ ਚਲਾਈ ਆ ਰਹੇ ਸਨ, ਉਸ ਵਿਚ ਰੋਕ ਪੈਣ ਦਾ ਅਦੇਸ਼ਾ ਹੋ ਗਿਆ। ਪ੍ਰਚਾਰ ਦੀ ਮੁਹਿੰਮ ਨੂੰ ਜਾਰੀ ਰਖਣ ਲਈ ਸ੍ਰੀ ਸਤਿਗੁਰੂ ਜੀ ਨੇ ਪੰਜਾਬ ਵਿਚ ਪੰਜ ਸੂਬੇ ਨਿਯੁਕਤ ਕੀਤੇ ਜੋ ਥਾਂ-ਥਾਂ ਜਾ ਕੇ ਲੋਕਾਂ ਵਿਚ ਪ੍ਰਚਾਰ ਕਰਨ। ਇਹ ਪੰਜ ਸੂਬੇ ਸਨ—

1. ਬਾਬਾ ਸਾਹਿਬ ਸਿੰਘ ਜੀ
2. ਬਾਬਾ ਜਵਾਹਰ ਸਿੰਘ ਜੀ
3. ਬਾਬਾ ਲਖਾ ਸਿੰਘ ਜੀ
4. ਬਾਬਾ ਕਾਹਨ ਸਿੰਘ ਜੀ
5. ਬਾਬਾ ਸੁਧ ਸਿੰਘ ਜੀ ।

ਦੂਸਰੇ ਪਾਸੇ ਪੰਜਾਬ ਸਰਕਾਰ ਸਤਿਗੁਰਾਂ ਦੇ ਪ੍ਰਚਾਰ ਨੂੰ ਨਾ ਚਲਣ ਲਈ ਪਕੀ ਧਾਰੀ ਬੈਠੀ ਸੀ । ਸੋ ਸਰਕਾਰ ਨੇ ਇਹਨਾਂ ਪੰਜਾਂ ਸੂਬਿਆਂ ਨੂੰ ਵੀ ਸ੍ਰੀ ਭੈਣੀ ਸਾਹਿਬ ਨਜ਼ਰਬੰਦੀ ਦੇ ਹੁਕਮ ਹੇਠ ਲੇ ਆਂਦਾ ਅਤੇ ਇਸ ਦੇ ਦੌਰੇ ਹੋਣੇ ਵੀ ਔਖੇ ਹੋ ਗਏ । ਇਸ ਤੋਂ ਸ੍ਰੀ ਸਤਿਗੁਰੂ ਜੀ ਨੇ ਸਤਾਰਾਂ ਸੂਬੇ ਹੋਰ ਨੀਯਤ ਕਰ ਦਿਤੇ ਅਤੇ ਹੁਣ ਇਹਨਾਂ ਦੀ ਕੁਲ ਗਿਣਤੀ ਬਾਈ ਹੋ ਗਈ । ਪੰਜਾਬ ਸਰਕਾਰ ਚੌਕੰਨੀ ਸੀ ਅਤੇ ਉਸ ਨੇ ਇਹਨਾਂ ਥਾਪੇ ਸਤਾਰਾਂ ਨਵੇਂ ਸੂਬਿਆਂ ਨੂੰ ਵੀ ਉਹਨਾਂ ਦੇ ਰਹਿਣ ਦੀ ਥਾਵਾਂ ਤੇ ਹੀ ਬਾਹਰ-ਅੰਦਰ ਪ੍ਰਚਾਰ ਤੇ ਜਾਣ ਤੇ ਪਾਬੰਦੀ ਲਗਾ ਦਿਤੀ । ਪਰ ਫਿਰ ਵੀ ਬਹੁਤ ਸਾਰੇ ਸੂਬੇ ਪ੍ਰਚਾਰ ਹਿਤ ਦੌਰੇ ਕਰਦੇ ਹੀ ਰਹੇ । ਨਵੇਂ ਥਾਪੇ ਸਤਾਰਾਂ ਸੂਬੇ ਸਨ—

6. ਬਾਬਾ ਗੁਰਮੁਖ ਸਿੰਘ ਜੀ
7. ਬਾਬਾ ਰੂੜ ਸਿੰਘ ਜੀ
8. ਬਾਬਾ ਜਮੀਤ ਸਿੰਘ, ਗਿਲ
9. ਬਾਬਾ ਗਿਆਨੀ ਸਿੰਘ ਜੀ
10. ਬਾਬਾ ਬ੍ਰਹਮਾ ਸਿੰਘ ਜੀ
11. ਬਾਬਾ ਮਾਨ ਸਿੰਘ ਜੀ
12. ਬਾਬਾ ਭਗਵਾਨ ਸਿੰਘ ਜੀ
13. ਬਾਬਾ ਰਾਜਾ ਸਿੰਘ, ਤ੍ਰਾਂਡੀ ਦਾ
14. ਬਾਬਾ ਹੁਕਮਾਂ ਸਿੰਘ ਜੀ
15. ਬਾਬਾ ਮਲੂਕ ਸਿੰਘ ਜੀ
16. ਬਾਬਾ ਜੌਂਟਾ ਸਿੰਘ ਜੀ
17. ਬਾਬਾ ਖਜ਼ਾਨ ਸਿੰਘ ਜੀ
18. ਬਾਬਾ ਨਰੈਣ ਸਿੰਘ ਜੀ
19. ਬਾਬਾ ਸਮੁੰਦ ਸਿੰਘ ਜੀ
20. ਬਾਬਾ ਪਹਾੜਾ ਸਿੰਘ ਜੀ
21. ਬਾਬਾ ਖੁਸ਼ਹਾਲ ਸਿੰਘ ਜੀ
22. ਬਾਬਾ ਗੁਪਾਲ ਸਿੰਘ ਜੀ ।

ਇਹਨਾਂ ਸੂਬਿਆਂ ਨੇ ਆਮ ਲੋਕਾਂ ਵਿਚ ਪ੍ਰਚਾਰ ਕਰਨ ਵਿਚ ਬਹੁਤ ਸ਼ਲਾਘਾ ਯੋਗ ਹਿਸਾ ਪਾਇਆ ਅਤੇ ਲੋਕ ਵਡੀ ਗਿਣਤੀ ਵਿਚ ਨਾਮਧਾਰੀ ਬਨਣ ਲਈ ਸ੍ਰੀ ਭੈਣੀ ਸਾਹਿਬ ਆਉਣੇ ਸ਼ੁਰੂ ਹੋ ਗਏ ।

ਪ੍ਰਸ਼ਨ : ਸੂਬਾ ਮੀਆਂ ਸਿੰਘ ਬਾਰੇ ਸੰਖੇਪ ਜਾਣਕਾਰੀ ਦਿਉ ।

ਉੱਤਰ : ਮੀਆਂ ਸਿੰਘ ਜੀ ਅੰਮ੍ਰਿਤਸਰ ਜ਼ਿਲੇ ਦੇ ਸਰਹਾਲੀ ਪਿੰਡ ਦੇ ਜਟ ਸ਼ਾਮ ਸਿੰਘ ਦੇ ਲੜਕੇ ਸਨ । ਸ਼ਾਮ ਸਿੰਘ ਜੀ

ਸਰਹਾਲੀ ਵਾਲੇ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ ਉਘੇ ਸੇਵਕ ਸਨ।

ਮੀਆਂ ਸਿੰਘ ਨੇ ਕੁਝ ਸਮਾਂ ਹਾਂਗਕਾਂਗ ਪੁਲਿਸ ਵਿਚ ਵੀ ਨੌਕਰੀ ਕੀਤੀ ਸੀ। ਇਨ੍ਹਾਂ ਇਕ ਤੋਂ ਵਧ ਵਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਜਾ ਦਰਸ਼ਨ ਕੀਤੇ ਸਨ।

ਸੰਨ 1880 ਵਿਚ ਬਾਬਾ ਗੁਰਚਰਨ ਸਿੰਘ ਰੂਸੀ ਸਰਕਾਰ ਦਾ ਖਾਸ ਪਤਰ ਗੁਰੂ ਰਾਮ ਸਿੰਘ ਜੀ ਦੇ ਨਾਂ ਲੈ ਕੇ ਆ ਰਹੇ ਸਨ ਕਿ ਅੰਗ੍ਰੇਜ਼ਾਂ ਦੇ ਜਾਸੂਸਾਂ ਗੁਲਾਬ ਖਾਨ ਅਤੇ ਸੈਦ ਖਾਨ ਨੂੰ ਪਤਾ ਲਗ ਗਿਆ। ਉਨ੍ਹਾਂ ਉਸ ਨੂੰ ਰੰਗੇ ਹਥ ਫੜਾ ਕੇ ਇਨਾਮ ਲੈਣ ਦੀ ਸੋਚ ਲਾਹੌਰ ਦੀ ਖਫੀਆ ਪੁਲਿਸ ਨੂੰ ਦਸ ਪਿਛੇ ਲਗ ਗਏ। ਖੁਫੀਆ ਲੋਕ ਸ੍ਰੀ ਭੈਣੀ ਸਾਹਿਬ ਦੇ ਨੇੜੇ ਘੁਮਣ ਲਗ ਗਏ।

ਬਾਬਾ ਗੁਰਚਰਨ ਸਿੰਘ ਸਿਧੇ ਸ੍ਰੀ ਭੈਣੀ ਸਾਹਿਬ ਨਾਂ ਆ ਕੇ ਅੰਮ੍ਰਿਤਸਰ, ਸਰਹਾਲੀ ਸ਼ਾਮ ਸਿੰਘ ਦੇ ਕੋਲ ਚਲੇ ਗਏ ਅਤੇ ਰੂਸ ਵਾਲੀ ਚਿਠੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੱਕ ਪੁਚਾਉਣ ਲਈ ਉਨ੍ਹਾਂ ਨੂੰ ਦੇ ਦਿਤੀ। ਖੁਫੀਆ ਲੋਕ ਹਥ ਮਲਦੇ ਰਹਿ ਗਏ। ਪਿੰਡਾਂ ਵਿਚ ਹਰ ਉਘੇ ਨਾਮਧਾਰੀ ਤੇ ਪੁਲਿਸ ਦੀਆਂ ਨਜ਼ਰਾਂ ਹਰ ਵਕਤ ਰਹਿੰਦੀਆਂ ਸਨ। ਪੁਲਿਸ ਨੂੰ ਸੂਹ ਮਿਲ ਗਈ ਕਿ ਸ਼ਾਮ ਸਿੰਘ ਰੰਗੂਨ ਜਾ ਰਿਹਾ ਹੈ। ਉਸ ਨੂੰ ਫੜਨ ਲਈ ਬਰਮਾਂ ਟੈਲੀਗ੍ਰਾਮ ਕਰ ਦਿਤੀ ਗਈ। ਲੇਕਿਨ ਸ਼ਾਮ ਸਿੰਘ ਜੀ ਆਪ ਨਾਂ ਜਾ ਕੇ ਆਪਣੇ ਲੜਕੇ ਮੀਆਂ ਸਿੰਘ ਨੂੰ ਭੇਜ ਦਿਤਾ। ਉਸ ਵੇਲੇ ਮੀਆਂ ਸਿੰਘ ਦੀ ਉਮਰ ਲਗਭਗ 27 ਕੁ ਸਾਲਾਂ ਦੀ ਸੀ।

ਮੀਆਂ ਸਿੰਘ, ਦਲ ਸਿੰਘ ਦੇ ਪੁਤਰ ਸੰਤ ਸਿੰਘ ਨੂੰ ਨਾਲ ਲੈਣ ਬਰਮਾਂ ਚਲਾ ਗਿਆ। ਉਸਨੇ ਉਸ ਵਕਤ ਹਾਂਗ ਕਾਂਗ ਪੁਲਿਸ ਦੀ ਬਰਦੀ ਪਾਈ ਹੋਈ ਸੀ। ਰੰਗੂਨ ਤੋਂ ਮਰਗੋਈ ਦਾ ਪਤਾ ਕਰਕੇ ਮੀਆਂ ਸਿੰਘ ਮਰਗੋਈ ਜਾ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਅਤੇ ਰੂਸੀ ਚਿਠੀ ਦਿਤੀ। ਇਹ ਜਨਵਰੀ 1881 ਈ. ਦੀ ਗਲ ਹੈ। ਉਸੇ ਰਾਤ ਮੀਹ ਸਿੰਘ ਸਤਿਗੁਰੂ ਜੀ ਦੇ ਕਮਰੇ ਚੋਂ ਫੜਿਆ ਗਿਆ ਅਤੇ ਕੁਝ ਦਿਨਾਂ ਬਾਅਦ ਉਸ ਨੂੰ ਵਾਪਸ ਪੰਜਾਬ ਭੇਜ ਦਿਤਾ।

ਸਤਿਗੁਰੂ ਹਰੀ ਸਿੰਘ ਜੀ ਨੇ ਮੀਆਂ ਸਿੰਘ ਨੂੰ ਮਹੰਤ ਥਾਪ ਦਿਤਾ। ਇਹ ਕਈ ਵੇਰ ਚਕ ਰਾਮ ਦਾਸ ਦੇ ਵਰਿਆਮ ਸਿੰਘ ਦੇ ਨਾਲ ਰੂਸ ਗਏ। ਮਹਾਂਰਾਜਾ ਦਲੀਪ ਸਿੰਘ ਦੇ ਰੂਸ ਪੁਜਣ ਤੇ ਵੀ ਮੀਹਾਂ ਸਿੰਘ ਅਨੇਕਾਂ ਕੂਕਿਆਂ ਨੂੰ ਲੈ ਕੇ ਰੂਸ ਦਲੀਪ ਸਿੰਘ ਦੀ ਮਦਦ ਲਈ ਪੁਜਾ, ਪਰ ਪੰਜਾਬ ਦੇ ਸਿਖਾਂ ਦਾ ਸਹਿਯੋਗ ਨਾਂ ਮਿਲਣ ਕਰਕੇ ਦਲੀਪ ਸਿੰਘ ਦੀ ਆਸ ਪੂਰੀ ਨਾਂ ਹੋਈ।

ਪ੍ਰਸ਼ਨ : ਮਹੰਤ ਗੁਰਚਰਨ ਸਿੰਘ ਤੇ ਸੰਖੇਪ ਜਾਣਕਾਰੀ ਦਿਉ।

ਉਤਰ : ਬਾਬਾ ਗੁਰਚਰਨ ਸਿੰਘ ਸਪੁਤਰ ਸਰਦਾਰ ਅਤਰ ਸਿੰਘ ਸਿਆਲ ਕੋਟ ਦੇ ਚਕ ਰਾਮ ਦਾਸ ਦਾ ਵਿਰਕ ਜਟ, ਕੂਕਿਆਂ ਅਤੇ ਰੂਸੀ ਸਰਕਾਰ ਦੇ ਵਿਚਕਾਰ ਖਤ-ਪਤਰ ਲਿਆਉਣ ਜਾਣ ਵਾਲਾ ਮੁਖ ਵਿਅਕਤੀ ਸੀ।

ਗੁਰਚਰਨ ਸਿੰਘ ਦੇ ਪੂਰਵਜ ਗੁਰੂ ਨਾਨਕ ਦੇ ਸੇਵਕਾਂ ਵਿਚੋਂ ਸਨ ਜਿਨ੍ਹਾਂ ਅਫਗਾਨਿਸਤਾਨ ਵਿਚ ਪਰਚਾਰ ਕਰਨ ਹਿਤ ਕਾਬੁਲ ਵਿਖੇ ਧਰਮਸ਼ਾਲਾ ਬਣਾ ਲਈ ਸੀ। ਬਚਪਨ ਵਿਚ ਗੁਰਚਰਨ ਸਿੰਘ ਕਈ ਵੇਰ ਕਾਬੁਲ ਗਿਆ ਸੀ। 18 ਸਾਲ ਦੀ ਉਮਰ ਵਿਚ ਗੁਰਚਰਨ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਗਿਆ ਅਤੇ 1849 ਵਿਚ ਸਿਖ ਫੌਜਾਂ ਦੇ ਹਥਿਆਰ ਸੁਟਣ ਤੱਕ ਨੌਕਰੀ ਵਿਚ ਰਿਹਾ। ਇਸ ਸਮੇਂ ਦੌਰਾਨ ਇਨ੍ਹਾਂ ਕਈ ਵੇਰ ਕਾਬੁਲ ਦਾ ਦੌਰਾ ਕੀਤਾ ਅਤੇ ਉਧਰ ਦੀ ਕਾਫੀ ਜਾਣਕਾਰੀ ਹੋਣ ਕਰਕੇ ਰਾਜਾ ਲਾਲ ਸਿੰਘ ਲਈ ਕਈ ਮਹੱਤਵਪੂਰਨ ਖੁਫੀਆ ਖਬਰਾਂ ਇਕਠੀਆਂ ਕਰਦਾ ਰਿਹਾ।

ਪੰਜਾਬ ਤੇ ਅੰਗ੍ਰੇਜ਼ਾਂ ਦਾ ਅਧਿਕਾਰ ਹੋਣ ਉਪਰੰਤ ਗੁਰਚਰਨ ਸਿੰਘ ਆਪਣੇ ਪਿੰਡ ਵਾਪਸ ਆ ਗਿਆ। ਲਗਭਗ 1867 ਈਸਵੀ ਵਿਚ ਗੁਰਚਰਨ ਸਿੰਘ ਕੂਕਾ ਬਣਿਆ। ਇਨ੍ਹਾਂ ਦਿਨਾਂ ਵਿਚ ਵੀ ਗੁਰਚਰਨ ਸਿੰਘ ਆਪਣੇ ਸੇਵਕਾਂ ਕੋਲ ਕਾਬੁਲ ਵਲ ਜਾਂਦਾ ਰਿਹਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਦੇਸ ਚਲੇ ਜਾਣ ਤੋਂ ਬਾਅਦ ਗੁਰਚਰਨ ਸਿੰਘ ਪੰਜਾਬ ਅਤੇ ਮਧ-ਏਸ਼ੀਆ ਵਿਚ ਕਾਫ਼ੀ ਸਰਗਰਮ ਰਿਹਾ ਅਤੇ ਉਥੋਂ ਦੇ ਰੂਸੀ ਅਧਿਕਾਰੀਆਂ ਨਾਲ ਸੰਪਰਕ ਬਣਾਇਆ।

ਸੰਨ 1878 ਤੋਂ 1881 ਤੱਕ ਗੁਰਚਰਨ ਸਿੰਘ ਕਈ ਵਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਹੁਕਮ ਨਾਲ ਰੂਸ ਤੱਕ ਦੀ ਯਾਤਰਾ ਲਈ ਜਾਂਦਾ ਰਿਹਾ ਅਤੇ ਉਥੇ ਰੂਸੀ ਅਧਿਕਾਰੀਆਂ ਨਾਲ ਅੰਗ੍ਰੇਜ਼ ਸਰਕਾਰ ਦੇ ਵਿਰੁਧ ਸਹਾਇਤਾ ਲਈ ਗਲਬਾਤ ਕਰਦਾ ਰਿਹਾ। ਰੂਸੀ ਸਰਕਾਰ ਅਤੇ ਰੰਗੂਨ ਵਿਚ ਨਜ਼ਰਬੰਦ ਸਤਿਗੁਰੂ ਰਾਮ ਸਿੰਘ ਜੀ ਵਿਚਕਾਰ ਖਤ-ਪਤਰਾਂ ਦਾ ਵਟਾਂਦਰਾ ਗੁਰਚਰਨ ਸਿੰਘ ਬੜੀ ਸੂਝ ਬੂਝ ਨਾਲ ਕਰਦਾ ਰਿਹਾ। ਰੂਸੀ ਸਰਕਾਰ ਦੇ ਖਤ ਪਹਿਲਾਂ ਗੁਰਚਰਨ ਸਿੰਘ ਪੰਜਾਬ ਲਿਆਉਂਦਾ ਅਤੇ ਏਥੋਂ ਅਗੇ ਰੰਗੂਨ ਭੇਜੇ ਜਾਂਦੇ। ਏਸੇ ਤਰ੍ਹਾਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਰੂਸ ਤੱਕ ਪੁਜਦੇ ਸਨ।

ਰੂਸ ਆਉਣ ਜਾਣ ਵਿਚ ਪੈਦਲੀ ਰਸਤੇ ਅਤਿ ਕਠਨ ਸਨ। ਉਸ ਤੇ ਅੰਗ੍ਰੇਜ਼ਾਂ ਦੇ ਖੁਫੀਆ ਆਦਮੀ ਪਿਛੇ ਲਗੇ ਰਹਿੰਦੇ।

ਰੂਸ ਆਉਣ ਜਾਣ ਵੇਲੇ ਬਾਬਾ ਗੁਰਚਰਨ ਸਿੰਘ ਦੀ ਉਮਰ ਲਗਭਗ 75 ਕੁ ਸਾਲ ਦੀ ਸੀ। 6 ਫੁਟ ਉਚਾ ਕਦ, ਚਿਟੀ ਦਾਹੜੀ ਬੁਢੇ ਹੋਣ ਦੇ ਬਾਵਜੂਦ ਬਾਬਾ ਗੁਰਚਰਨ ਸਿੰਘ ਵਿਚ ਲੋਹੜੇ ਦੀ ਹਿੰਮਤ ਸੀ। ਉਸ ਦੀ ਹਿੰਮਤ ਦੀ ਕਈ ਵੇਰ ਅੰਗ੍ਰੇਜ਼ਾਂ ਵੀ ਸ਼ਲਾਘਾ ਕੀਤੀ।

ਬਾਬਾ ਗੁਰਚਰਨ ਸਿੰਘ ਦੇ ਲੜਕੇ ਜੀਵਨ ਸਿੰਘ ਅਤੇ ਈਸ਼ਰ ਸਿੰਘ ਵੀ ਕੂਕੇ ਸਨ ਅਤੇ ਆਪਣੇ ਪਿਤਾ ਦੀ ਸਹਾਇਤਾ ਕਰਦੇ ਸਨ।

ਇਕ ਵੇਰ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿਆਲਕੋਟ ਦਾ ਦੌਰਾ ਕੀਤਾ ਸੀ ਅਤੇ ਚਕ ਰਾਮ ਦਾਸ ਗਏ ਸਨ, ਬਾਬਾ ਗੁਰਚਰਨ ਸਿੰਘ ਨੂੰ ਮਹੰਤ ਕਹਿ ਕੇ ਸੰਬੋਧਨ ਕੀਤਾ ਸੀ। ਇਸ ਤਰ੍ਹਾਂ ਇਨ੍ਹਾਂ ਨੂੰ ਲੋਕ ਮਹੰਤ ਗੁਰਚਰਨ ਸਿੰਘ ਵੀ ਕਹਿੰਦੇ ਸਨ।

ਮਈ 1881 ਈ ਵਿਚ ਅੰਗ੍ਰੇਜ਼ਾਂ ਦੇ ਜਾਸੂਸ ਗੁਲਾਬ ਖਾਨ ਦੀ ਰਿਪੋਰਟ ਤੇ ਅੰਗ੍ਰੇਜ਼ ਸਰਕਾਰ ਉਨ੍ਹਾਂ ਨੂੰ ਫੜਨ ਤੋਂ ਨਾਕਾਮ ਰਹੀ ਤਾਂ ਗੁਰਚਰਨ ਸਿੰਘ ਜੀ ਆਪ ਜਾ ਥਾਣੇ ਹਾਜ਼ਰ ਹੋਏ ਉਨ੍ਹਾਂ ਨੂੰ ਰੈਗੂਲੇਸ਼ਨ-III-(1818 ਈ.) ਦੇ ਅਧੀਨ ਮੁਲਤਾਨ ਜੇਲ ਵਿਚ ਨਜ਼ਰ ਬੰਦ ਕਰ ਦਿਤਾ ਗਿਆ। ਜਿਥੋਂ ਉਹ ਸਤੰਬਰ 1886 ਵਿਚ ਛਡੇ ਗਏ।

ਕੂਕਿਆਂ ਦੇ ਕਸ਼ਮੀਰ ਨਾਲ ਸਬੰਧ :

ਕੂਕਾ ਰਿਕਰਡ ਪੰਨਾ 97 ਦੇ ਅਨੁਸਾਰ ਨਵੰਬਰ 1869 ਵਿਚ ਸਰਕਾਰ ਨੂੰ ਖੁਫ਼ੀਆ ਰਿਪੋਰਟਾਂ ਰਾਹੀਂ ਪਤਾ ਲਗਾ ਕਿ ਕਸ਼ਮੀਰ ਦਾ ਮਹਾਰਾਜਾ ਇਕ ਕੂਕਾ ਪਲਟਨ ਖੜੀ ਕਰ ਰਿਹਾ ਹੈ। ਹਰ ਇਕ ਰੰਗਰੂਟ ਕਸ਼ਮੀਰ ਜਾਣ ਵੇਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਇਕ ਸਰਟੀਫਿਕੇਟ ਲੈ ਕੇ ਜਾਂਦਾ ਸੀ ਤੇ ਉਸ ਨੂੰ ਉਸ ਪਲਟਨ ਵਿਚ ਭਰਤੀ ਕਰ ਲਿਆ ਜਾਂਦਾ ਸੀ। ਸੰਨ 1869 ਦੇ ਆਖੀਰ ਵਿਚ ਇਸ ਬਾਰੇ ਛਾਣਬੀਣ ਕਰਨ ਲਈ ਸਰਕਾਰ ਨੇ ਇਕ ਥਾਣੇਦਾਰ ਨੂੰ ਜੰਮੂ ਭੇਜਿਆ ਅਤੇ ਜਿਸ ਨੇ ਸੰਨ 1870 ਈ: ਨੂੰ ਵਾਪਸ ਆ ਕੇ ਰਿਪੋਰਟ ਪੇਸ਼ ਕੀਤੀ :

"ਕੋਈ 6-7 ਮਹੀਨੇ ਹੋਏ ਜਦੋਂ ਹੀਰਾ ਸਿੰਘ ਅੰਬਾਲਾ, ਤਾਰਾ ਸਿੰਘ ਕਿਲ੍ਹਾ ਦੇਸ ਰਾਜ ਜ਼ਿ: ਅੰਮ੍ਰਿਤਸਰ, ਲਾਲ ਸਿੰਘ ਪਟਿਆਲਾ, ਚੰਦਾ ਸਿੰਘ ਅੰਮ੍ਰਿਤਸਰ ਅਤੇ ਲਗਪਗ 30 ਕੂਕੇ ਹੋਰ ਮਹਾਰਾਜਾ ਕਸ਼ਮੀਰ ਪਾਸ ਗਏ ਅਤੇ ਨੌਕਰੀ ਲਈ ਦਰਖਾਸਤ ਕੀਤੀ। ਮਹਾਰਾਜਾ ਨੇ ਉਹਨਾਂ ਨਾਲ ਇਕਰਾਰ ਕੀਤਾ ਕਿ ਉਹ ਕੂਕਾ ਪਲਟਨ ਬੰਨਣ ਵਾਸਤੇ ਤਿਆਰ ਹਨ। ਏਸ ਲਈ ਜੰਮੂ ਸ਼ਹਿਰ ਦੇ ਬਾਹਰਵਾਰ ਉਹਨਾਂ ਲਈ ਇਕ ਛਾਉਣੀ ਤਿਆਰ ਕੀਤੀ

ਗਈ ਤੇ ਓਧਰ ਭਰਤੀ ਸ਼ੁਰੂ ਹੋ ਗਈ। ਮੈਂ ਜਦ ਉਥੇ ਗਿਆ ਸਾਂ ਤਾਂ 150 ਕੂਕਿਆਂ ਦੀ ਨਫਰੀ ਸੀ ਜਿਨ੍ਹਾਂ ਵਿਚੋਂ 71 ਉਸ ਸਮੇਂ ਹਾਜ਼ਰ ਸਨ। ਹੀਰਾ ਸਿੰਘ ਨੂੰ ਕੂਕਾ ਪਲਟਨ ਦਾ ਕਮਾਂਡਰ ਨੀਯਤ ਕੀਤਾ ਗਿਆ ਸੀ. ਪਰ ਉਸ ਵੇਲੇ ਉਹ ਵੀ ਹਾਜ਼ਰ ਨਹੀਂ ਸੀ।"

ਰਾਣਾ ਨਿਪਾਲ ਨਾਲ ਸਬੰਧ :

ਗਰੰਥ ਗੜ੍ਹ ਜਿਲ੍ਹਾ ਅੰਮ੍ਰਿਤਸਰ ਦਾ ਇਕ ਕੂਕਾ ਸਿੱਖ ਕਿਸ਼ਨ ਸਿੰਘ ਮਹਾਰਾਣਾ ਨਿਪਾਲ ਪਾਸ ਨੌਕਰ ਸੀ। ਰਾਣਾ ਸਾਹਿਬ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਸੋਭਾ ਸੁਣ ਕਿਸ਼ਨ ਸਿੰਘ ਰਾਹੀਂ ਭੈਣੀ ਸਾਹਿਬ ਵਿਖੇ ਇਕ ਚਿਠੀ ਭੇਜੀ ਜਿਸ ਵਿਚ ਲਿਖਿਆ ਸੀ ਕਿ ਰਾਣਾ ਸਾਹਿਬ ਦਾ ਦਿਲ ਸਤਿਗੁਰੂ ਜੀ ਦੇ ਦਰਸ਼ਨਾਂ ਲਈ ਤੜਫ ਰਿਹਾ ਹੈ ਪਰ ਕਈ ਰਾਜਨੀਤਿਕ ਮਸਲਿਆਂ ਕਰ ਕੇ ਉਹ ਭੈਣੀ ਸਾਹਿਬ ਨਹੀਂ ਪੁਜ ਸਕਦਾ ਜਿਸ ਲਈ ਉਹ ਖਿਮਾਂ ਦੀ ਜਾਚਨਾ ਕਰਦੇ ਹਨ। ਇਸ ਤੋਂ ਬਿਨਾਂ ਰਾਣਾ ਸਾਹਿਬ ਨੇ ਇਹ ਬੇਨਤੀ ਵੀ ਕੀਤੀ ਕਿ ਉਸ ਨੂੰ ਬਹੁਤਾ ਦੁਧ ਦੇਣ ਵਾਲੀਆਂ ਮਝਾਂ ਦਾ ਇਕ ਜੋੜਾ ਤੇ ਇਕ ਜੋੜਾ ਖਚਰਾਂ ਦਾ ਭੇਜਣ ਦੀ ਕ੍ਰਿਪਾਲਤਾ ਕਰਨ। ਸਤਿਗੁਰੂ ਜੀ ਨੇ ਆਪਣੇ ਸੇਵਕਾਂ ਬਾਬਾ ਕਾਹਨ ਸਿੰਘ ਤੇ ਬਾਬਾ ਸਾਹਿਬ ਸਿੰਘ ਜੀ ਰਾਹੀਂ ਰਾਣਾ ਜੀ ਨੂੰ ਦੋ ਮੱਝਾਂ ਤੇ ਦੋ ਖਚਰਾਂ ਭੇਜ ਦਿਤੀਆਂ ਜਿਨ੍ਹਾਂ ਨੂੰ ਦੇਖ ਕੇ ਉਹ ਬਹੁਤ ਪ੍ਰਸੰਨ ਹੋਏ। ਬਾਬਾ ਕਾਹਨ ਸਿੰਘ ਜੀ ਜਦ ਨਿਪਾਲ ਤੋਂ ਵਾਪਿਸ ਹੋਣ ਲਗੇ ਤਾਂ ਉਹਨਾਂ ਦੇ ਬਾਰ ਬਾਰ ਨਾਂਹ ਕਰਨ ਤੇ ਵੀ ਰਾਣਾ ਸਾਹਿਬ ਨੇ ਹੇਠ ਲਿਖੀਆਂ ਚੀਜ਼ਾਂ ਤੋਂ ਹਫਿਆ ਦੇ ਰੂਪ ਵਿਚ ਭੈਣੀ ਸ਼ਾਹਿਬ ਲੈ ਜਾਣ ਲਈ ਦਿਤੀਆਂ :

ਇਕ ਰਾਸ ਗੁਟ ਘੋੜਾ ਜਿਸ ਦੀ ਕੀਮਤ ਨਿਪਾਲ ਵਿਚ 1400 ਰੁਪਏ ਸੀ। ਸੁਨਹਿਰੀ ਮੁੱਠ ਵਾਲੀਆਂ ਦੋ ਖਖਰੀਆਂ ਬਨਾਤ ਦਾ ਇਕ ਥਾਨ 50 ਗਜ਼, ਕਸਤੂਰੀ ਨਾਪਿਆਂ ਦੀ ਇਕ ਅਠੋਤ੍ਰੀ ਮਾਲਾ, ਅਤੇ ਇਕ ਖਿਲਤ ਜਿਸਦੇ ਬੋਝੇ ਵਿਚ ਇਕ ਚਿੱਠੀ ਸੀ ਜਿਸ ਬਾਬਤ ਰਾਣਾ ਸਾਹਿਬ ਅਤੇ ਸਤਿਗੁਰੂ ਜੀ ਤੋਂ ਬਿਨਾਂ ਕਿਸੇ ਨੂੰ ਪਤਾ ਨਹੀਂ ਲਗ ਸਕਿਆ ਕਿ ਕੀ ਲਿਖਿਆ ਸੀ।

ਸਤਿਗੁਰੂ ਜ਼ੀ ਇਨ੍ਹਾਂ ਚੀਜ਼ਾਂ ਨੂੰ ਲੈਣਾ ਨਹੀਂ ਚਾਹੁੰਦੇ ਸਨ, ਏਸੇ ਲਈ ਉਨ੍ਹਾਂ ਨੇ ਪਹਿਲੇਂ ਹੀ ਬਾਬਾ ਕਾਹਨ ਸਿੰਘ ਹੁਰਾਂ ਨੂੰ ਪੱਕੀ ਕਰਕੇ ਤੋਰਿਆ ਸੀ, ਕਿ ਮਹਾਰਾਣਾ ਦੀ ਕੋਈ ਚੀਜ਼ ਪ੍ਰਵਾਨ ਨ ਕੀਤੀ ਜਾਵੇ। ਇਸ ਲਈ ਸਚੇ ਪਾਤਸ਼ਾਹ ਜੀ ਬਾਬਾ ਜੀ ਹੋਰਾਂ ਨੂੰ ਨਰਾਜ਼ ਵੀ ਹੋਏ ਪਰ ਜਦ ਬਾਬਾ ਜੀ ਨੇ ਆਪਣੀ ਬੇਵਸੀ ਪ੍ਰਗਟ ਕੀਤੀ ਤਾਂ ਸਤਿਗੁਰੂ ਜੀ ਨੇ ਖਿਮਾਂ ਦੇ ਦਿਤੀ। ਗੁਟ ਘੋੜਾ ਕੁਝ ਦਿਨਾਂ ਪਿਛੋਂ ਗਰਮੀ ਕਾਰਨ ਮਰ ਗਿਆ।

ਨਿਪਾਲ ਵਿਚ ਕੂਕਾ ਰਜਮੈਂਟ :

ਮਹਾਰਾਣਾ ਨਿਪਾਲ ਸਬੰਧੀ ਇਹ ਬਿਆਨ ਕੀਤਾ ਗਿਆ ਹੈ ਕਿ ਉਸਨੇ ਨਿਪਾਲ ਵਿਚ ਇਕ ਕੂਕਾ ਰਜਮੈਂਟ ਭਰਤੀ ਕਰਨ ਦੀ ਆਗਿਆ ਲਈ ਸਤਿਗੁਰੂ ਰਾਮ ਸਿੰਘ ਜੀ ਪਾਸ ਪ੍ਰਾਰਥਨਾ ਕੀਤੀ ਅਤੇ ਨਾਲ ਹੀ ਨਿਪਾਲ ਵਿਚ ਚਰਨ ਪਾਣ ਦੀ ਇੱਛਾ ਪ੍ਰਗਟ ਕੀਤੀ। ਪਰ ਸਤਿਗੁਰੂ ਜੀ ਨੇ ਦੋਵੇਂ ਬੇਨਤੀਆਂ ਮੰਨਣ ਤੋਂ ਨਾਂਹ ਕਰ ਦਿਤੀ।

ਰਾਇਕੋਟ ਸਾਕਾ ਦੇ

ਨਾਮਧਾਰੀ ਸ਼ਹੀਦ

ਅੰਗਰੇਜ਼ਾਂ ਨੇ ਸੰਨ 1849 'ਚ ਮਹਾਰਾਜਾ ਰਣਜੀਤ ਸਿੰਘ ਦੇ ਛੋਟੇ ਪੁਤਰ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਉਤਾਰ ਕੇ ਪੰਜਾਬ ਨੂੰ ਵੀ ਆਪਣੇ ਰਾਜ ਵਿਚ ਮਿਲਾ ਲਿਆ। ਇਸ ਤਰ੍ਹਾਂ ਭਾਰਤ ਵਿਚ ਅੰਗਰੇਜ਼ ਰਾਜ ਦੀਆਂ ਸੀਮਾਵਾਂ ਹਿੰਦ ਮਹਾਂਸਾਗਰ ਤੋਂ ਲੈ ਕੇ ਖੈਬਰ ਤਕ ਪੁਜ ਗਈਆਂ ਅੰਗਰੇਜ਼ ਨੂੰ ਪਤਾ ਸੀ ਕਿ ਪੰਜਾਬ ਹੀ ਨਹੀਂ ਬਲਕਿ ਸਾਰਾ ਭਾਰਤ ਹੀ ਧਰਮ ਵਿਸ਼ਵਾਸੀ ਦੇਸ਼ ਹੈ ਅਤੇ ਆਪਣੇ ਧਰਮ ਨੂੰ ਮੁਖ ਰਖਦੇ ਹੋਏ ਇਨ੍ਹਾਂ ਦੇ ਪੂਰਵਜ ਵੱਡੇ ਵਡੇਰੇ ਧਰਮ ਤੇ ਦੇਸ਼ ਦੀ ਰਖਿਆ ਹਿੱਤ ਕੁਰਬਾਨੀਆਂ ਦਿੰਦੇ ਆਏ ਹਨ।

ਪੰਜਾਬ ਵਿਚ ਰਾਜ ਕਰਨ ਤੋਂ ਉਹ ਤ੍ਰਭਕਦਾ ਵੀ ਬਹੁਤ ਸੀ ਕਿਉਂ ਜੁ ਸਿਖਾਂ ਨਾਲ ਲੜਾਈਆਂ ਕਰਕੇ ਇਸ ਗਲ ਦਾ ਭੈ ਖਾ ਚੁਕਿਆ ਹੋਇਆ ਸੀ। ਇਹੀ ਵਜ੍ਹਾ ਹੈ ਕਿ ਜਿਵੇਂ ਹੀ 1857 ਦੀ ਵਿਸਾਖੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿਖਾਂ ਨੂੰ ਮੁੜ ਖੰਡੇ ਦਾ ਅੰਮ੍ਰਿਤ ਛਕਾ ਕੇ ਸੰਤ ਖਾਲਸਾ ਦੀ ਸਾਜਨਾ ਕੀਤੀ ਅਤੇ ਕੂਕਾ ਅੰਦੋਲਨ ਦੀ ਨੀਂਹ ਰਖੀ ਤਦ ਤੋਂ ਹੀ ਨਾਮਧਾਰੀਆਂ ਦੇ ਹਰ ਤਰ੍ਹਾਂ ਦੇ ਕੀਤੇ ਪ੍ਰਚਾਰ ਨੂੰ (ਭਾਵੇਂ ਉਹ ਨਿਰੋਲ ਸਿਖ ਧਰਮ ਦਾ ਪ੍ਰਚਾਰ, ਸਿੱਖ ਗੁਰੂਆਂ ਦੇ ਜੀਵਨ ਤੇ ਰਹਿਤ ਮਰਯਾਦਾ ਨੂੰ ਦ੍ਰਿੜ ਕਰਾਉਣ ਦਾ ਪ੍ਰਚਾਰ ਹੀ ਸੀ) ਉਹ ਇਹੋ ਜਿਹੀ ਚਿੰਗਾਰੀ ਹੀ ਸਮਝਦਾ ਰਿਹਾ ਜੋ ਕਿਸੇ ਨਾ ਕਿਸੇ ਵਕਤ ਜਵਾਲਾ ਮੁਖੀ ਦੀ ਤਰ੍ਹਾਂ ਫੱਟ ਸਕਦੀ ਹੋਵੇ।

ਤਾਂਬੇ ਦੀ ਪਲੇਟ ਜਿਸ ਉਪਰ ਲਾਹੌਰ ਦੇ ਰੈਜ਼ੀਡੈਂਟ ਮਿ: ਹੈਨਰੀ ਐਮ. ਲਾਰੇਂਸ ਨੇ ਗਵਰਨਰ ਜਨਰਲ ਦਾ ਇਹ ਹੁਕਮ ਜਾਰੀ ਕੀਤਾ ਕਿ ਅੰਗਰੇਜ਼ਾਂ ਦੀ ਪ੍ਰਜਾ ਵਿਚੋਂ ਕੋਈ ਵੀ ਮਨੁਖ ਦਰਬਾਰ ਸਾਹਿਬ ਅੰਮ੍ਰਿਤਸਰ ਤਥਾ ਉਸ ਦੀ ਪ੍ਰਕਰਮਾਂ ਵਿਚ ਜੁੱਤੀ ਪਹਿਣ ਕੇ ਨਹੀਂ ਜਾ ਸਕਦਾ। ਅੰਮ੍ਰਿਤਸਰ ਵਿਚ ਗੋ-ਵੱਧ ਨਹੀਂ ਕੀਤਾ ਜਾਵੇਗਾ।

(24 ਮਾਰਚ 1847 ਵਲੋਂ ਮਿ: ਹੈਨਰੀ ਐਮ. ਲਾਰੇਂਸ)

ਅੰਗਰੇਜ਼ ਚੂੰਕਿ ਗਊ-ਮਾਸ ਖਾਂਦਾ ਸੀ ਇਸ ਕਰ ਕੇ 29 ਮਾਰਚ 1849 ਪੰਜਾਬ ਤੇ ਰਾਜ ਕਰਨ ਤੋਂ ਇਕ ਮਹੀਨੇ ਬਾਅਦ ਹੀ ਪੰਜਾਬ ਦੇ ਬੋਰਡ-ਆਫ ਐਡਮਿਨਿਸਟਰੇਸ਼ਨ (Board of Administration) ਨੇ 5 ਮਈ 1859 ਨੂੰ ਗਊ-ਵੱਧ ਕਰਨ ਦੀ ਖੁਲ੍ਹ ਦੇ ਦਿਤੀ। ਭਾਵੇਂ ਇਹ ਹੁਕਮ ਨਾਲ ਹੀ ਸੀ ਕਿ (1) ਗਊ-ਵੱਧ ਕਿਸੇ ਸ਼ਹਿਰ ਜਾਂ ਕਸਬੇ ਤੋਂ ਬਾਹਰ ਨਿਸਚਿਤ ਜਗ੍ਹਾ ਤੇ ਕੀਤਾ ਜਾਵੇ। (2) ਸ਼ਹਿਰ ਜਾਂ ਕਸਬੇ ਦੇ ਅੰਦਰ ਗੋ-ਮਾਸ ਵੇਚਣ ਤੇ ਪਾਬੰਦੀ ਹੈ। ਪਰ ਇਸ ਹੁਕਮ ਦੇ ਬਾਵਜੂਦ ਅੰਮ੍ਰਿਤਸਰ ਦੇ ਘੰਟਾ ਘਰ ਵਾਲੀ ਜਗ੍ਹਾ ਦੇ ਨਜ਼ਦੀਕ ਹੀ ਬੁਚੜਖਾਨਾ ਖੋਲ੍ਹ ਦਿਤਾ ਗਿਆ। ਜਿਥੋਂ ਕਾਂ, ਇਲਾਂ, ਹੱਡੀਆਂ, ਮਾਸ ਦੀਆਂ ਬੋਟੀਆਂ ਅੰਮ੍ਰਿਤਸਰ ਦੇ ਪਵਿਤ੍ਰ ਹਰਿਮੰਦਰ ਸਾਹਿਬ ਦੇ ਸਰੋਵਰ ਵਿਚ ਲਿਜਾਣ ਲਗ ਪਈਆਂ।

ਰਾਏਕੋਟ ਵੀ ਹਿੰਦੂ ਸਿਖਾਂ ਦੀ ਸਤਿਕਾਰੀ ਜਾਣ ਵਾਲੀ ਸੁਥਰਿਆਂ ਦੀ ਧਰਮਸ਼ਾਲਾ ਦੇ ਨਜ਼ਦੀਕ ਹੀ ਇਕ ਬੁਚੜਖਾਨਾ ਖੋਲ੍ਹ ਦਿਤਾ ਗਿਆ। ਚੂੰਕਿ ਇਸ ਧਰਮਸਾਲਾ ਵਿਚ ਆਦਿ ਸ੍ਰੀ ਗਰੰਥ ਸਾਹਿਬ ਦਾ ਰੋਜ਼ਾਨਾ ਪਾਠ ਤੇ ਕੀਰਤਨ ਹੁੰਦਾ ਰਹਿੰਦਾ ਸੀ ਅਤੇ ਫਿਰ ਇਸੇ ਪਿੰਡ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲਾਂ ਚੋਂ ਹੁੰਦੇ ਹੋਏ ਤੇ ਦੀਨੇ ਕਾਂਗੜ ਵਲ ਜਾਂਦੇ ਹੋਏ ਠਹਿਰੇ ਸੀ ਜਿਸ ਕਰ ਕੇ ਇਸ ਦੀ ਮਹਾਨਤਾ ਹੋਰ ਵੀ ਵੱਧ ਗਈ ਸੀ। ਇਸ ਬੁਚੜਖਾਨੇ ਦੇ ਖੁਲ੍ਹ ਜਾਣ ਨਾਲ ਜਿਥੇ ਪਿੰਡ ਦੇ ਵਸਨੀਕ ਬਹੁਤ ਔਖ ਮਹਿਸੂਸ ਕਰ ਰਹੇ ਸੀ ਉਥੇ ਹਰ ਆਉਂਦਾ ਜਾਂਦਾ ਰਾਹਗੀਰ ਤੇ ਸੰਤ ਸਾਧ ਜੋ ਇਸ ਧਰਮਸਾਲਾ ਵਿਚ ਠਹਿਰਦਾ ਵੇਖ ਕੇ ਤੜਫ ਉਠਦਾ।

ਇਕ ਦਿਨ ਇਸੇ ਤਰ੍ਹਾਂ ਦੇਸ਼ ਆਜ਼ਾਦੀ ਦੇ ਮਰਜੀਵੜੇ ਕੁਝ ਕੁ ਨਾਮਧਾਰੀ ਸਿੰਘ ਸ੍ਰੀ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਜਾਂਦੇ ਹੋਏ ਇਥੇ ਆਣ ਠਹਿਰੇ। ਉਨ੍ਹਾਂ ਨੇ ਜਦੋਂ ਇਹ ਹਾਲਤ ਵੇਖੀ ਤਾਂ ਰਿਹਾ ਨਾ ਗਿਆ। ਉਸ ਵੇਲੇ ਸੌ ਸਾਖੀ ਰਚਿਤ ਗੁਰੂ ਗੋਬਿੰਦ ਸਿੰਘ ਜੀ ਅਤੇ ਜਨਮ ਸਾਖੀ ਭਾਈ ਬਾਲੇ ਵਾਲੀ ਆਮ ਸਿੰਘ ਘਰਾਂ ਵਿਚ ਪੜ੍ਹਦੇ ਹੁੰਦੇ ਸੀ ਅਤੇ ਉਨ੍ਹਾਂ ਵਿਚ ਭਵਿਖਤ ਵਾਕ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਕਾਲ ਬਾਰੇ ਕਾਫੀ ਕੁਝ ਲਿਖਿਆ ਹੁੰਦਾ ਸੀ। ਕਲਿਜੁਗ ਵਿਚ ਸਤਿਜੁਗ ਲਗਣਾ ਹੈ, ਦੇਸ਼ ਆਜ਼ਾਦ ਕਰ ਕੇ ਆਪਣਾ ਰਾਜ ਕਾਇਮ ਕਰਨਾ ਹੈ, ਗੁਲਾਮੀ ਦੀਆਂ ਜ਼ੰਜੀਰਾਂ ਤੋੜ ਕੇ ਹੀ ਆਜ਼ਾਦੀ ਪ੍ਰਾਪਤ ਹੋਣੀ ਹੈ ਆਦਿ ਪ੍ਰਚਾਰ ਕਾਫੀ ਸੀ। ਜਿਸ ਕਰਕੇ ਅੰਗਰੇਜ਼ਾਂ ਦਾ ਸਿੱਖਾਂ ਤੋਂ ਰਾਜ ਖੋਹ ਲੈਣ ਬਾਰੇ ਕਾਫੀ ਰੋਸ ਪਾਇਆ ਜਾਂਦਾ ਸੀ ਪਰ ਉਨ੍ਹਾਂ ਵਲੋਂ ਗੋ-ਵੱਧ ਕਰਨ ਲਈ ਬੁਚੜਖਾਨੇ ਖੋਲ੍ਹ ਦੇਣੇ ਤਾਂ ਇਸ ਗਲ ਨੂੰ ਚੁਣੌਤੀ ਸੀ ਕਿ ਅਸੀਂ ਹੀ ਇਥੋਂ ਦੇ ਅਸਲੀ ਮਾਲਕ ਹਾਂ ਤੇ ਇਹ ਬਾਹਰੋਂ ਆਏ ਗੋਰੇ ਸਾਡੇ ਤੇ ਇਹ ਧਰਮ ਵਿਰੋਧੀ ਗਲਾਂ ਕਿਵੇਂ ਠੋਸ ਸਕਦੇ ਹਨ ਬਾਰੇ ਸੋਚਣ ਤੇ ਮਜ਼ਬੂਤ ਹੋ ਗਏ।

ਇਹੀ ਵਜ੍ਹਾ ਸੀ ਕਿ 14-15 ਜੂਨ 1871 ਦੀ ਰਾਤ ਨੂੰ ਜਿਥੇ ਅੰਮ੍ਰਿਤਸਰ ਦੇ ਬੁਚੜਖਾਨੇ ਤੇ ਹੱਲਾ ਬੋਲ ਕੇ ਇਹ ਦਸ ਦਿਤਾ ਗਿਆ ਕਿ ਦੇਸ਼ ਸਾਡਾ ਹੈ ਅਤੇ ਅਸੀਂ ਹੀ ਇਸ ਦੇ ਵਾਰਸ ਹਾਂ। ਉਥੇ ਇਸੇ ਤਰ੍ਹਾਂ ਹੀ 15 ਜੁਲਾਈ 1871 ਨੂੰ ਰਾਏ ਕੋਟ ਦੇ ਬੁਚੜਖਾਨੇ ਤੇ ਇਕ ਮਹੀਨੇ ਬਾਅਦ ਹੀ ਹਮਲਾ ਕਰ ਕੇ ਜਿਸ ਵਿਚ ਦੋ ਬੁਚੜ ਮਰੇ ਤੇ ਸਤ ਜ਼ਖਮੀ ਹੋ ਗਏ। ਅੰਗਰੇਜ਼ ਸਰਕਾਰ ਨੂੰ ਆਪਣੀ ਆਜ਼ਾਦੀ ਪ੍ਰਾਪਤ ਕਰਨ ਦਾ ਢੰਗ ਦਸ ਦਿਤਾ। ਸਤਿਗੁਰੂ ਬਿਲਾਸ (ਅਣਛਪੇ ਗਰੰਥ) ਵਿਚ ਇਸ ਘਟਨਾ ਨੂੰ ਇਉਂ ਵਰਨਣ ਕੀਤਾ ਹੈ।

"ਅੱਠ ਸ੍ਰੀ ਸਾਹਿਬ ਗਿਆਨਾ ਸਿੰਘ ਨੇ ਇਕੱਠੇ ਕੀਤੇ ਜੋ ਊਠ ਕੇ ਪਲਾਣੇ ਧਰ ਕੇ ਪਿੰਡ ਮੌੜਾਂ ਤੋਂ ਛੀਨੀਵਾਲ ਲੈ ਆਏ। ਰਤਨ ਸਿੰਘ ਨਾ ਗਿਆ। ਸ਼ਾਮ ਸਿੰਘ ਨਾ ਗਿਆ। ਹਵਨ ਕੀਤਾ, ਕੜਾਹ ਪ੍ਰਸ਼ਾਦ ਦੇ ਗੜਛੇ ਲਗਾਏ। ਕੜਾਹ ਪ੍ਰਸਾਦ ਬੂਟਾ ਰਾਮ ਦੇ ਡੇਰੇ ਤਾਜਪੁਰ ਪਿੰਡ ਵਿਚ ਕੀਤਾ। ਅਰਦਾਸ ਕੀਤੀ। ਸਿੱਖ ਸ਼ੇਰਾਂ ਦੀ ਤਰ੍ਹਾਂ ਚਲੇ। ਬਾਰਸ਼ ਹੋ ਰਹੀ ਸੀ। ਸ਼ਹਿਰ ਦੇ ਦੁਆਲੇ ਪਾਣੀ ਚੜ੍ਹਿਆ ਹੋਇਆ ਸੀ। ਪਾਣੀ ਵਿਚ ਦੀ ਲੰਘ ਕੇ ਬੁਚੜਖਾਣੇ ਦੇ ਦਰਵਾਜ਼ੇ ਕੋਲ ਆਏ ਤਾਂ ਬੁਚੜਾਂ ਪੁਛਿਆ ਕੌਣ ਹੈ? ਸਿੰਘਾਂ ਨੇ ਕਿਹਾ ਅਸੀਂ ਊਠਾਂ ਵਾਲੇ ਹਾਂ। ਹੁੱਕੇ ਤੇ ਅਗ ਰੱਖਣੀ ਹੈ। ਬੁਚੜਾਂ ਨੇ ਝਟ ਦਰਵਾਜ਼ਾ ਖੋਲ੍ਹ ਦਿਤਾ। ਸਾਉਣ ਮਹੀਨੇ ਦੀ ਸੰਗਰਾਂਦ ਵਾਲੇ ਦਿਨ 12 ਵਜੇ ਰਾਤ ਨੂੰ ਰਾਏਕੋਟ ਦੇ ਬੁਚੜਖਾਨੇ ਵਿਚੋਂ ਬੰਨ੍ਹੀਆਂ ਹੋਈਆਂ ਗਊਆਂ ਦੇ ਰੱਸੇ ਕੱਟ ਕੇ ਉਨ੍ਹਾਂ ਨੂੰ ਬਾਹਰ ਕਢਿਆ। ਫਿਰ ਬੁਚੜਾਂ ਦੇ ਸਿਰ ਕੱਟ ਕੇ ਜੈਕਾਰੇ ਲਗਾਂਦੇ ਰਹੇ, ਸ੍ਰੀ ਸਾਹਿਬ ਮਾਰਨ ਤੇ ਜੈਕਾਰਾ ਗਜਾਈ ਜਾਣ। ਤਿੰਨ ਸਿੰਘ ਤਾਂ ਅੰਦਰ ਬੁਚੜਾਂ ਦਾ ਕਤਲ ਕਰਦੇ ਰਹੇ, ਬਾਕੀ ਪਹਿਰੇ ਤੇ ਖੜ੍ਹੇ ਸਨ।"

ਇਸ ਤਰ੍ਹਾਂ ਬੁਚੜਖਾਨਿਆਂ ਤੇ ਹਮਲੇ ਹੁੰਦੇ ਵੇਖ ਸੁਪਰਡੈਂਟ ਪੁਲਿਸ ਨੇ ਸਭ ਥਾਨਿਆਂ 'ਚ ਹੁਕਮ ਭਿਜਵਾ ਦਿਤੇ ਕਿ ਬੁਚੜਖਾਨਿਆਂ ਵਿਚ ਰਹਿਣ ਵਾਲਿਆਂ ਦੀ ਰਖਵਾਲੀ ਕੀਤੀ ਜਾਵੇ। ਦੋਸ਼ੀਆਂ ਨੂੰ ਲਭਣ ਵਾਲੇ ਨੂੰ ਇਕ ਹਜ਼ਾਰ ਰੁ: ਇਨਾਮ ਅਤੇ ਵਾਇਦਾ ਮੁਆਫ ਗਵਾਹ ਬਣਨ ਵਾਲੇ ਨੂੰ ਦੰਡ ਤੋਂ ਮੁਕਤ ਕਰਨ ਦਾ ਇਨਾਮ ਰਖ ਦਿਤਾ। ਅੰਗਰੇਜ਼ ਸਰਕਾਰ ਇੰਨੀ ਭੈ ਭੀਤ ਹੋ ਗਈ ਕਿ ਡਿਪਟੀ ਇੰਨਸਪੈਕਟਰ ਪੁਲੀਸ ਕਰਨਲ ਬੇਲੀ 20 ਜੁਲਾਈ ਨੂੰ ਆਪ ਰਾਇਕੋਟ ਪੁਜਿਆ। ਉਸ ਨੂੰ ਇਹ ਵਿਸ਼ਵਾਸ ਸੀ ਕਿ ਇਸ ਬੁਚੜਖਾਨੇ ਤੇ ਹਮਲਾ ਕਰਨ ਵਾਲੇ ਨਾਮਧਾਰੀ ਸਿੰਘ ਹੀ ਹੋਣਗੇ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਇਸ ਵਿਚ ਹੱਥ ਹੋਵੇਗਾ।

ਮਿ: ਕਾਵਨ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਵੀ ਆਪਣੇ ਰਿਪੋਰਟ ਨੰਬਰ 18 ਮਿਤੀ 20 ਜੁਲਾਈ 1871 ਵਿਚ ਇਹ ਗਲਾਂ ਲਿਖਦਾ ਹੈ ਕਿ ਹਤਿਆ ਬੇਸ਼ਕ ਕੂਕਿਆਂ ਨੇ ਹੀ ਕੀਤੀ ਹੈ ਪਰੰਤੂ ਮੈਨੂੰ ਸ਼ਕ ਹੈ ਕਿ ਗੁਰੂ

ਰਾਮ ਸਿੰਘ ਨੇ ਕੂਕਿਆਂ ਨੂੰ ਬੁਚੜਾਂ ਦੀ ਹਤਿਆ ਕਰਨ ਲਈ ਹੁਕਮ ਦਿਤਾ ਹੈ। ਨਾਲ ਹੀ ਲਿਖਦਾ ਹੈ ਕਿ "ਮੰਨ ਲਵੋ ਕਿ ਕਤਲ ਕੂਕਿਆਂ ਨੇ ਕੀਤੇ ਹੋਣ ਪਰ ਅੰਮ੍ਰਿਤਸਰ ਵਾਲੇ ਜੋ ਦੋਸ਼ੀ ਮੁਕੱਦਮੇ ਵਿਚ ਫਸੇ ਹੋਏ ਹਨ। ਉਨ੍ਹਾਂ ਵਿਚੋਂ ਕਿਸੇ ਦਾ ਵੀ ਇਸ ਘਟਨਾ ਵਿਚ ਹਥ ਨਹੀਂ ਹੈ। ਇਸ ਤਰ੍ਹਾਂ ਕਿ ਗੁਰੂ ਰਾਮ ਸਿੰਘ ਦੇ ਹੁਕਮ ਅਨੁਸਾਰ ਇਹ ਕਤਲ ਹੋਏ ਹੋਣ ਮੰਨਣ ਯੋਗ ਨਹੀਂ।"

21 ਜੁਲਾਈ 1871 ਨੂੰ ਪਟਿਆਲੇ ਦੇ ਡਿਪਟੀ ਕਮਿਸ਼ਨਰ ਨੇ ਸੂਚਨਾ ਦਿਤੀ ਕਿ "ਉਸ ਨੇ 7 ਕੂਕੇ ਆਪਣੀ ਰਿਆਸਤ ਵਿਚੋਂ ਪਕੜ ਲਏ ਅਤੇ ਉਨ੍ਹਾਂ ਦੀ ਸ੍ਰੀ ਸਾਹਿਬ (ਤਲਵਾਰ) ਵੀ ਪਕੜ ਲਈ ਹੈ।" ਨਾਲ ਹੀ ਇਹ ਲਿਖਿਆ ਕਿ "ਮਹਾਰਾਜਾ ਸਾਹਿਬ ਬਹਾਦੁਰ ਪਟਿਆਲਾ ਇਸ ਮੁਕਦਮੇ ਵਿਚ ਸਡੀ ਪੂਰੀ ਸਹਾਇਤਾ ਕਰ ਰਹੇ ਹਨ।

ਪਿਥੋ ਵਾਲੇ ਸਿੰਘਾਂ ਨੂੰ ਫੜਾਉਣ ਵੇਲੇ ਦਾ ਪੂਰਾ ਵਿਵਰਣ "ਸਤਿਗੁਰੂ ਬਿਲਾਸ" ਵਿਚ ਇੰਝ ਦਰਜ ਹੈ—

"ਦਲੂ ਪਿਥੋਂ ਵਾਲਿਆਂ ਨੂੰ ਫੜਾਉਣ ਲਗਾ। ਤੇਜਾ ਸਿੰਘ ਢਿਲਵਾਂ ਵਾਲਾ ਨੇ ਸੂਚਨਾ ਦਿਤੀ ਕਿ ਤੁਹਾਨੂੰ ਫੜਨ ਲਈ ਜੇਠੂਪੁਰਾ ਰਸਾਲਾ ਆ ਉਤਰਿਆ ਹੈ। ਤੁਸੀਂ ਆਪਣਾ ਪ੍ਰਬੰਧ ਕਰ ਲਵੋ। ਸਾਰੇ ਸਿੰਘ ਜੰਗਲ ਵਿਚ ਜਾ ਬੈਠੇ। ਦੂਲਾ ਸਿੰਘ ਨੇ ਕਿਹਾ ਕਿ ਤੁਸੀਂ ਬਚ ਨਹੀਂ ਸਕੋਗੇ। ਮਸਤਾਨ ਸਿੰਘ ਨੇ ਕਿਹਾ ਕਿ ਜੇਕਰ ਭਜ ਗਏ ਤਾਂ ਸਿਪਾਹੀ ਦੂਸਰਿਆਂ ਨੂੰ ਦੁਖ ਦੇਣਗੇ। ਅਸੀਂ ਕੀਤਾ ਹੈ ਅਸੀਂ ਸਹਿਨ ਕਰਾਂਗੇ। ਦੂਸਰਿਆਂ ਨੂੰ ਦੁਖ ਦੇਣਾ ਠੀਕ ਨਹੀਂ। ਕੰਮ ਕਰ ਕੇ ਭਜਣਾ ਨਹੀਂ ਚਾਹੀਦਾ। ਸਨਮੁਖ ਹੋ ਕੇ ਸਿਰ ਦੇਵਾਂਗੇ। ਜੋ ਗੁਰੂ ਜੀ ਨੇ ਕਰਨਾ ਹੈ, ਉਹ ਹੋਣਾ ਹੈ ਦੇਖੀ ਜਾਏਗੀ ਅਸੀਂ ਭਜਾਂਗੇ ਨਹੀਂ।"

ਦੁਪਹਿਰ ਤਕ ਰਸਾਲਾ ਆ ਉਤਰਿਆ। ਸਾਰਿਆਂ ਕੂਕਿਆਂ ਨੂੰ ਇਕੱਠਾ ਕਰ ਲਿਆ ਗਿਆ। ਦਲੂ ਦੀ ਔਰਤ ਨੇ ਤਿੰਨਾਂ ਦੇ ਨਾਂ ਲਏ। ਮਸਤਾਨ ਸਿੰਘ, ਮੰਗਲ ਸਿੰਘ ਤੇ ਗੁਰਮੁਖ ਸਿੰਘ। ਗੁਲਾਬੂ ਵੀ ਘਰ ਤੋਂ ਪਕੜ ਮੰਗਾਇਆ। ਦਲੂ ਨੇ ਗਿਆਨ ਸਿੰਘ ਜੋ ਕਿ ਸੂਬਾ ਸਨ ਅਤੇ ਰਤਨ ਸਿੰਘ ਨਾਈਵਾਲ ਵਾਲੇ ਨੂੰ ਵੀ ਫੜਾ ਦਿਤਾ। ਗੁਲਾਬੂ ਵਾਇਦਾ ਮੁਆਫ ਗਵਾਹ ਬਣ ਗਿਆ। ਗੁਪਤਚਰਾਂ ਦੇ ਕਹਿਣ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਬਸੀਆਂ ਬੁਲਾਇਆ ਗਿਆ। 28 ਜੁਲਾਈ ਨੂੰ 36 ਸਿੰਘਾਂ ਦੇ ਨਾਲ ਆਪ ਜੀ ਬਸੀਆਂ ਪੁਜੇ। ਦਸ ਘੋੜ ਸਵਾਰ ਵੀ ਆਪ ਜੀ ਦੇ ਨਾਲ ਸਨ। ਸਤਿਗੁਰੂ ਜੀ ਨੇ ਗਵਾਹਾਂ ਦੇ ਝੂਠੇ ਬਿਆਨਾਂ ਦਾ ਚੰਗੀ ਤਰ੍ਹਾਂ ਜਵਾਬ ਦਿਤਾ।

27 ਜੁਲਾਈ 1871 ਨੂੰ ਮਿ: ਏ. ਡਬਲਯੂ. ਮੈਕਨਾਬ ਸ਼ੈਸ਼ਨ ਜੱਜ ਨੇ ਇਸ ਮੁਕਦਮੇ ਵਿਚ ਮਸਤਾਨ ਸਿੰਘ, ਗੁਰਮੁਖ ਸਿੰਘ ਤੇ ਮੰਗਲ ਸਿੰਘ ਪਿਥੋ ਪਿੰਡ ਵਾਲਿਆਂ ਨੂੰ ਤੇ ਗੁਲਾਬ ਸਿੰਘ ਰੁਹੜਚੱਕ ਵਾਲੇ ਨੂੰ ਦੋਸ਼ੀ ਦਸਕੇ ਮੌਤ ਦੀ ਸਜ਼ਾ ਦਿਤੀ। 1 ਅਗਸਤ 1871 ਨੂੰ ਪੰਜਾਬ ਦੇ ਚੀਫ ਕੋਰ ਦੇ ਜੱਜ ਮਿ: ਬੋਲੀਨੋਸ ਨੇ ਇਨ੍ਹਾਂ ਚਾਰਾਂ ਦੀ ਸਜ਼ਾ ਦੀ ਪੁਸ਼ਟੀ ਕਰ ਦਿਤੀ। ਇਸ ਕੇਸ ਦਾ ਵਿਸ਼ੇਸ਼ ਪਖ ਇਹ ਹੈ ਕਿ ਚੀਫ ਕੋਰਟ ਦੇ ਹੁਕਮ ਆਉਣ ਤੋਂ ਬਾਅਦ ਗੁਲਾਬ ਸਿੰਘ ਨੂੰ ਵਾਇਦਾ ਮੁਆਫ਼ ਬਣਾ ਕੇ ਛੱਡ ਦਿਤਾ ਗਿਆ, ਅਤੇ ਇਸੇ ਤਰ੍ਹਾਂ ਨਾਮਧਾਰੀਆਂ ਤੇ ਕਾਨੂੰਨ ਦੀ ਜਗ੍ਹਾ ਰਾਜਨੀਤੀ ਨਾਲ ਨਿਆਂ ਕੀਤਾ ਗਿਆ।

ਚੀਫ ਕੋਰਟ ਵਲੋਂ ਮੌਤ ਦੀ ਸਜ਼ਾ ਪੱਕੀ ਕਰਾਰ ਦੇਣ ਤੇ ਇਨ੍ਹਾਂ ਤਿੰਨਾਂ ਸਿੰਘਾਂ ਨੂੰ ਰਾਏਕੋਟ ਲੈ ਆਂਦਾ ਗਿਆ, ਅਤੇ ਸੂਬਾ ਗਿਆਨੀ ਸਿੰਘ ਤੇ ਸੰਤ ਰਤਨ ਸਿੰਘ ਨੂੰ ਲੁਧਿਆਣੇ ਸੈਂਟਰਲ ਜੇਲ 'ਚ ਲੈ ਆਂਦਾ ਗਿਆ। ਡਿਪਟੀ ਕਮਿਸ਼ਨਰ ਮਿ: ਕਾਵਨ ਆਪ ਰਾਇ ਕੋਟ ਪਹੁੰਚਿਆ ਅਤੇ ਬੁਚੜਖਾਨੇ ਦੇ ਨਜ਼ਦੀਕ ਹੀ ਫਾਂਸੀ ਗੱਡ ਕੇ 5 ਅਗਸਤ 1871 ਦੀ ਸਵੇਰ ਨੂੰ ਪਿੰਡ ਦੇ ਲੋਕਾਂ ਦੇ ਸਾਹਮਣੇ ਹੀ ਇਨ੍ਹਾਂ ਤਿੰਨਾਂ ਸਿੰਘ ਸੂਰਮਿਆਂ ਸੰਤ ਮਸਤਾਨ ਸਿੰਘ, ਸੰਤ ਗੁਰਮੁਖ ਸਿੰਘ ਸੰਤ ਮੰਗਲ ਸਿੰਘ ਜੀ ਪਿੰਡ ਪਿਥੋ ਦਿਆਂ ਨੂੰ ਫਾਂਸੀ ਦੇ ਦਿਤੀ ਗਈ। ਵੇਖਣ ਆਏ ਲੋਕਾਂ ਵਿਚ

ਨਾਮਧਾਰੀ ਵੀ ਸਨ ਅਤੇ ਇਨ੍ਹਾਂ ਦੇ ਪਰਿਵਾਰ ਦੇ ਬਾਕੀ ਮੈਂਬਰ ਵੀ ਸਨ। ਇਨ੍ਹਾਂ ਦੀਆਂ ਦੇਹਾਂ ਪਰਿਵਾਰ ਵਾਲੇ ਪਿੰਡ ਪਿਥੋ ਲੈ ਗਏ ਜਿਥੇ ਜਾ ਕੇ ਇਨ੍ਹਾਂ ਦਾ ਸਸਕਾਰ ਕੀਤਾ ਗਿਆ।

ਰਾਇ ਕੋਟ ਦੇ ਇਨ੍ਹਾਂ ਸ਼ਹੀਦਾਂ ਦੀ ਫਾਂਸੀ ਵਾਲੀ ਸਜ਼ਾ ਦਾ ਹਵਾਲਾ ਦੇ ਕੇ ਸੂਬਾ ਗਿਆਨੀ ਸਿੰਘ ਤੇ ਸੰਤ ਰਤਨ ਸਿੰਘ ਜੋ ਕਿ ਨਿਰਦੋਸ਼ ਸਨ ਤੇ 109 ਤਥਾ 302 ਦਫ਼ਾ ਦੇ ਆਧਾਰ ਤੇ ਜੱਜ ਨੇ 21 ਸਤੰਬਰ 1871 ਨੂੰ ਸੈਸ਼ਨ ਜੱਜ ਦੇ ਹਵਾਲੇ ਇਹ ਕੇਸ ਕਰ ਦਿਤਾ।

ਨਿਰਣੇ ਵਿਚ ਲਿਖਿਆ ਹੈ ਕਿ ਗਿਆਨੀ ਸਿੰਘ ਤੇ ਰਤਨ ਸਿੰਘ ਨਾਈਵਾਲਾ ਦੋਵੇਂ ਮੌੜ ਪਿੰਡ ਦੇ ਮੇਲੇ ਤੇ ਇਕੱਠੇ ਹੋਏ ਸੀ ਅਤੇ ਤਲਵਾਰਾਂ ਇਕੱਠੀਆਂ ਕਰਨੀਆਂ ਅਤੇ ਦੂਜੇ ਲੋਕਾਂ ਨੂੰ ਬੁਚੜਾਂ ਨੂੰ ਮਾਰਨ ਦੀ ਪ੍ਰੇਰਨਾ ਦੇਣਾ ਇਸ ਗਲ ਦਾ ਸਬੂਤ ਹੈ ਕਿ ਇਨ੍ਹਾਂ ਨੂੰ ਇਸ ਸਕੀਮ ਬਾਰੇ ਪੂਰਾ ਪਤਾ ਸੀ। ਗਿਆਨੀ ਸਿੰਘ ਦਾ ਪਿੰਡ ਜੋਗਾ ਜਾ ਕੇ ਰਤਨ ਸਿੰਘ ਦੇ ਆਉਣ ਤੀਕ ਉਥੇ ਹੀ ਠਹਿਰਨਾ ਤਥਾ ਰਤਨ ਸਿੰਘ ਦੇ ਨਾਲ ਆਏ ਹੋਏ ਭਗਵਾਨ ਸਿੰਘ ਕਾਤਲ ਨੂੰ ਮਿਲਣਾ ਆਦਿਕ ਸਬੂਤਾਂ ਦੇ ਹੁੰਦੇ ਹੋਏ ਇਸ ਗਲ ਵਿਚ ਕੋਈ ਸੰਦੇਹ ਬਾਕੀ ਨਹੀਂ ਰਹਿ ਜਾਂਦਾ ਕਿ ਗਿਆਨੀ ਸਿੰਘ ਨੇ ਅਪਰਾਧੀਆਂ ਨੂੰ ਪ੍ਰੇਰਨਾ ਤਥਾ ਸਹਾਇਤਾ ਦੇ ਕੇ ਬੁਚੜਾਂ ਨੂੰ ਕਤਲ ਕਰਵਾਣ ਵਿਚ ਹਿੱਸਾ ਲਿਆ ਹੈ।"

ਮੁਕਦਮੇ ਦੀ ਸਮੱਸਿਆ ਇਸ ਤਰ੍ਹਾਂ ਸੀ—

"ਸਰਕਾਰ ਵਿਰੁਧ (1) ਰਤਨ ਸਿੰਘ ਪੁੱਤਰ ਬੁੱਧ ਸਿੰਘ ਜਾਤਿ ਕੂਕਾ ਉਮਰ 28 ਸਾਲ ਪਿੰਡ ਨਾਈਵਾਲ (2) ਗਿਆਨੀ ਉਪਨਾਮ ਰਤਨ ਸਿੰਘ ਪੁਤਰ ਰਾਮ ਕ੍ਰਿਸ਼ਨ ਜਾਤਿ ਕੂਕਾ ਉਮਰ 35 ਸਾਲ ਪਿੰਡ ਮੰਡੀ। ਅਪਰਾਧ ਕਤਲ ਕਰਾਉਣ ਲਈ ਪ੍ਰੇਰਨ ਦੇਣਾ ਭਾਰਤੀਯ ਦੰਡ ਸਹਿਤਾ ਦੀ ਧਾਰਾ 109 ਤਥਾ 302।"

ਜੱਜ ਬੋਲੀਨੋਸ ਨੇ ਆਪਣੇ 11 ਨਵੰਬਰ 1871 ਨੂੰ ਲਿਖਿਆ ਹੈ ਕਿ ਬਹੁਤ ਖੋਜ ਤੋਂ ਬਾਦ ਮੈਂ ਇਸ ਨਤੀਜੇ ਤੇ ਪੁਜਿਆ ਹਾਂ ਕਿ ਗਵਾਹਾਂ ਦੇ ਬਿਆਨਾਂ ਤੋਂ ਇਹ ਚੰਗੀ ਤਰ੍ਹਾਂ ਸਿਧ ਨਹੀਂ ਹੁੰਦਾ ਕਿ ਇਹ ਗਿਆਨੀ ਸਿੰਘ ਦਾ ਇਨ੍ਹਾਂ ਹਤਿਆਵਾਂ ਵਿਚ ਕੋਈ ਹੱਥ ਹੈ, ਅਤੇ ਮੈਂ ਇਨ੍ਹਾਂ ਦੀ ਸਜ਼ਾ ਮੌਤ ਦੀ ਜਗ੍ਹਾ ਆਜੀਵਨ ਜੇਲ ਵਿਚ ਦੇਂਦਾ ਹਾਂ।

ਪਰ ਜੱਜ ਕੈਂਪਬੇਲ ਨੇ 14 ਨਵੰਬਰ 1871 ਨੂੰ ਰਾਜਨੀਤਕ ਰੂਪ ਦੇਕੇ ਮੌਤ ਦੀ ਸਜ਼ਾ ਬਹਾਲ ਰਖੀ।

23 ਨਵੰਬਰ 1871 ਨੂੰ ਜੱਜ ਲਿੰਡਸੇ ਨੇ ਵੀ ਇਸ ਸਜ਼ਾ ਨੂੰ ਬਹਾਲ ਰਖਿਆ।

ਅੰਤ 26 ਨਵੰਬਰ 1871 ਵਾਲੇ ਦਿਨ ਦੋਨੋਂ ਨਾਮਧਾਰੀ ਸਿੰਘ ਸੂਬਾ ਸਿੰਘ ਜੀ ਤੇ ਸੰਤ ਰਤਨ ਸਿੰਘ ਜੀ ਨੂੰ ਸੈਂਟਰਲ ਜੇਲ੍ਹ ਲੁਧਿਆਣਾ ਦੇ ਬਾਹਰ ਫਾਂਸੀ ਦੇ ਦਿਤੀ ਗਈ।

ਸਤਿਗੁਰੂ ਬਿਲਾਸ ਵਿਚ ਲਿਉਂ ਲਿਖਿਆ ਹੈ—

"ਫਾਂਸੀ ਵਾਲੇ ਦਿਨ ਦਹੀਂ ਦੇ ਨਾਲ ਇਸ਼ਨਾਨ ਕੀਤਾ। ਸਫੈਦ ਬਸਤਰ ਪਹਿਣੇ ਜੋ ਕਿ ਇਸ ਦਿਨ ਦੇ ਲਈ ਹੀ ਬਣਾਏ ਸਨ। ਸਫੇਦ ਬਸਤਰਾਂ ਦੇ ਨਾਲ ਫਾਂਸੀ ਚੜਾਂਗੇ। ਜੇਲ ਵਾਲਾ ਇਹ ਨੀਲਾ ਨਹੀਂ ਪਹਿਨਣਾ। ਨਾਲ ਹੀ ਚਮੜੇ ਦੀ ਤੰਦੀ ਗਲੇ ਵਿਚ ਨਹੀਂ ਪਾਉਣੀ ਕਹਿ ਕੇ ਰੇਸ਼ਮ ਦੇ ਰੱਸੇ ਬੰਨਵਾਏ। ਫਾਂਸੀ ਗਡਵਾਈ ਫੌਜ ਆਈ। ਹੋਰ ਵੀ ਅਨੇਕਾਂ ਲੋਕ ਦੇਖਣ ਨੂੰ ਆਏ। ਧਰਮ ਦੇ ਹਿਤ ਸਿੰਘ ਸ਼ਹੀਦ ਹੁੰਦੇ ਹਨ। ਬਾਬਾ ਗਿਆਨ ਸਿੰਘ ਦੇ ਚਿਹਰੇ ਤੇ ਰੌਣਕ ਚਮਕਦੀ ਹੈ। ਫਿਰੰਗੀ ਦੋਨੋਂ ਨਿਰਦੋਸ਼ਾਂ ਨੂੰ ਫਾਂਸੀ ਦੇਣ ਲਗਾ ਹੈ। ਕਤਲ ਵਿਚ ਸਾਥ ਨਹੀਂ ਸਨ। ਗੁਪਤਚਰਾਂ ਦੇ ਕਥਨੁਸਾਰ ਹੀ ਦੰਡ ਦੇ ਦਿਤਾ ਫਾਂਸੀ ਦੇ ਰਖਤੇ ਤੇ ਖਲੋ ਕੇ ਬਾਬਾ ਗਿਆਨ ਸਿੰਘ ਨੇ ਬਚਨ ਕੀਤਾ—

ਕੂਕਾ ਨਿਹੋਰਾ ਸੋਰੀ ਸਖੀ ਸਹੇਰੀ, ਭਰਮ ਗਿਆ ਗੁਰੂ ਪਿਰ ਸੰਗ ਜੋਰੀ॥

ਜਦੋਂ ਬਾਬਾ ਗਿਆਨ ਸਿੰਘ ਤਖਤੇ ਤੇ ਚੜੇ ਤਾਂ ਕੋਲ ਖਲੋਤੇ ਅੰਗਰੇਜ਼ ਹਾਕਮ ਨੂੰ ਬੋਲੇ—

"ਬਿਲਿਆ ਮੂੰਹ ਤਾਂ ਸਾਹਮਣੇ ਰਖ, ਪਿੱਠ ਦੇ ਕੇ ਕਿਉਂ ਖਲੋਤਾ ਹੈਂ। 10 ਮਹੀਨੇ ਕਿਸੇ ਜੱਟੀ ਦੀ ਕੁਖ ਨੂੰ ਕੱਟ ਕੇ ਫਿਰ ਇਸ ਸੰਸਾਰ ਵਿਚ ਆ ਜਾਵਾਂਗੇ। ਨੌਜਵਾਨ ਹੋਕੇ ਬਦਲਾ ਲਵਾਂਗੇ। ਅਨਿਆ ਹੋਣ ਲਗਾ ਹੈ। ਮੈਨੂੰ ਮਾਰਕੇ ਇਹ ਅੰਦੋਲਨ ਬੰਦ ਨਹੀਂ ਹੋਣ ਲਗਾ। ਜਿਸ ਨੇ ਤੁਹਾਨੂੰ ਮਾਰਨਾ ਹੈ ਉਹ ਰਾਮਦਾਸ ਪੁਰਾ ਵਿਚ ਬੈਠਾ ਹੈ। ਪਿਛੋਂ ਤੁਹਾਡਾ ਨਾਸ਼ ਕਰਨਗੇ। ਇਹ ਤਾਂ ਅਜੇ ਬਚਿਆਂ ਦਾ ਖੇਲ ਹੀ ਹੋਇਆ ਹੈ। ਸ਼ੇਸ਼ਨਾਗ ਤਾਂ ਅਜੇ ਬੈਠਾ ਹੈ। ਪਿਛੋਂ ਤੁਹਾਡਾ ਨਾਸ਼ ਕਰੇਗਾ। ਜੇਕਰ ਇਕ ਦੋ ਸੱਪ ਮਾਰ ਦਿਤੇ ਤਾਂ ਕੀ ਹੋਇਆ ਤੁਹਾਡਾ ਕਾਲ ਤੁਹਾਡੇ ਸਿਰ ਤੇ ਬੈਠਾ ਹੈ .. ਅਸੀਂ ਹੋਰ ਕਿਤੇ ਨਹੀਂ ਜਾਣਾ ਹੈ, ਕੋਈ ਮਾਂ ਫਿਰ ਜਨਮ ਦੇਵੇਗੀ। ਨਵੇਂ ਚੋਲੇ ਪਹਿਨ ਕੇ ਨੌਜਵਾਨ ਹੋਕੇ ਫਿਰ ਤਲਵਾਰ ਫੜਾਂਗੇ। ਤੁਹਾਡਾ ਰਾਜ ਖਤਮ ਕਰਨ ਲਈ ਤੁਹਾਡੇ ਨਾਲ ਜੰਗ ਕਰਾਂਗੇ। ਗੀਤ ਗਾਂਦੇ ਹੋਏ ਆਪਣੇ ਆਪਣੇ ਗਲਿਆਂ ਵਿਚ ਫਾਂਸੀ ਦੇ ਰੱਸੇ ਪਾਏ। ਸਤਿ ਸ੍ਰੀ ਅਕਾਲ ਬੁਲਾਈ। ਪਟੜਾ ਪੈਰਾਂ ਹੇਠੋਂ ਖਿਚ ਲਿਆ ਗਿਆ। ਅਖੀਰਲਾ ਝੋਕਾ ਆਇਆ। ਦੋਨਾਂ ਸਿੰਘਾਂ ਦੇ ਸਰੀਰ ਬੁਢੇ ਦਰਿਆ ਤੇ ਲਿਜਾਕੇ ਦਾਹ ਸਸਕਾਰ ਕਰ ਦਿਤਾ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਸਮੇਂ ਦੇ ਕੁਛ ਜ਼ਰੂਰੀ ਅੰਕੜੇ

ਸ੍ਰੀ ਮਹਾਰਾਜ ਬੀਰ ਸਿੰਘ ਜੀ

੧.	ਮਾਤਾ ਜਸਾਂ ਜੀ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ, ਜੋ ਚੜ੍ਹਾਈ ਕਰ ਚੁਕੇ ਸਨ) ਨਮਿਤ ਭੋਗਾਂ ਦਾ ਮੇਲਾ ਸ੍ਰੀ ਭੈਣੀ ਸਾਹਿਬ	... ਪੋਹ ੨੯-ਮਾਘ ੧, ੧੯੨੮ ਬਿ: ... ਜਨਵਰੀ ੧੧-੧੨, ੧੮੭੨ ਈ:
	ਉਪ੍ਰੋਕਤ ਮੇਲੇ ਤੇ ਦੂਰ ਨੇੜੇ ਤੋਂ ਬਹੁਤ ਸੰਗਤ ਆਈ ਹੋਈ ਸੀ ਇਸੇ ਮੇਲੇ ਤੇ ਸ. ਹੀਰਾਂ ਸਿੰਘ, ਲਹਿਣਾ ਸਿੰਘ ਸ਼ਕਰੌਦੀ (ਜ਼ਿ: ਪਟਿਆਲਾ) ਦੀ ਅਗਵਾਈ ਹੇਠ ਮਸਤਾਨਿਆਂ ਨੇ ਅੰਗਰੇਜ਼ੀ ਰਾਜ ਸਤਾ, ਉਨ੍ਹਾਂ ਦੇ ਝੋਲੀ ਚੁਕ ਰਿਆਸਤੀ ਅਡੇ ਅਤੇ ਗਊ ਹਤਿਆਰੇ ਖਤਮ ਕਰ ਦੇਣ ਦਾ ਫੈਸਲਾ ਕੀਤਾ।	
੨.	ਉਪ੍ਰੋਕਤ ਫੈਸਲੇ ਅਨੁਸਾਰ ੧੨੦ ਸਿੰਘਾਂ ਦੇ ਜਥੇ ਨੇ ਮਲੇਰ ਕੋਟਲੇ ਨੂੰ ਤੁਰਨਾ, ਦਿਨ ਦੇ ੨ ਵਜੇ।	... ਮਾਘ ੨, ੧੯੨੮ ਬਿ: ... ਜਨਵਰੀ ੧੩, ੧੮੭੨ ਈ:
੩.	ਪਹੁੰਚ ਪਿੰਡ ਰਬੋਂ ਅਤੇ ਵਿਸ਼੍ਰਾਮ	" " "
੪,	ਮਲੋਦ ਸਰਦਾਰ ਬਦਨ ਸਿੰਘ ਪਾਸੋਂ ਸ਼ਸਤਰ ਘੋੜੇ ਆਦਿ ਮੰਗਣੇ ਅਤੇ ਨਾ ਮਿਲਣ ਕਰ ਕੇ ਲੜਾਈ—ਦਿਨ ਦੇ ਪਿਛਲੇ ਪਹਿਰ।	... ਮਾਘ, ੩, ੧੯੨੮ ਬਿ: ... ਜਨਵਰੀ ੧੪, ੧੮੭੨ ਈ:
੫.	ਮਲੇਰ ਕੋਟਲੇ ਤੇ ਧਾਵਾ ਅਤੇ ਲੜਾਈ।	... ਮਾਘ ੪, ੧੯੨੮ ਬਿ: ... ਜਨਵਰੀ ੧੫, ੧੮੭੨
੬.	ਸ਼ਹੀਦ ਹੋਣ ਵਾਸਤੇ ਪਿੰਡ ਰੁੜ ਗੜ੍ਹ (ਰੜ) ਵਿਖੇ ਸਿੰਘਾਂ ਨੇ ਆਪਣੇ ਆਪ ਨੂੰ ਸਰਕਾਰੀ ਅਫਸਰਾਂ ਦੇ ਪੇਸ਼ ਕਰਨਾ।	... ਮਾਘ ੫, ੧੯੨੮ ਬਿ: ... ਜਨਵਰੀ ੧੬, ੧੮੭੨
੭.	ਮਲੇਰ ਕੋਟਲੇ ਫੌਜੀ ਗਰਾਊਂਡ (ਮੈਦਾਨ) ਵਿਚ ਸਿੰਘਾਂ ਦਾ ਪਹਿਲਾ ਜਥਾ ਸ਼ਹੀਦ ਕੀਤਾ ਜਾਣਾ। ੪੯ ਤੋਪਾਂ ਨਾਲ ਅਤੇ ੧ (ਬਿਸ਼ਨ ਸਿੰਘ) ਤਲਵਾਰ ਨਾਲ।	... ਮਾਘ ੬, ੧੯੨੮ ਬਿ: ... ਜਨਵਰੀ ੧੭, ੧੮੭੨

੮.	ਸਿੰਘਾਂ ਦਾ ਦੂਜਾ ਜਥਾ ਤੋਪਾਂ ਨਾਲ ਸ਼ਹੀਦ ਕੀਤਾ ਜਾਣਾ ਜਿਨ੍ਹਾਂ ਵਿਚ ਮਰ੍ਹਾੜ ਦੇ ਭਾਈ ਵਰਿਆਮ ਸਿੰਘ ਜੀ ਛਡੇ ਜਾਣਾ ਨਾ ਮੰਨਿਆ ਅਤੇ ਪੈਰਾਂ ਹੇਠ ਢੀਮਾਂ ਰੱਖ ਕੇ ਛਾਤੀ ਤੋਪ ਦੇ ਬਰਾਬਰ ਕਰ ਕੇ ਸ਼ਹੀਦੀ ਪਾਈ ।	... ਮਾਘ ੭, ੧੯੨੮ ਬਿ: ... ਜਨਵਰੀ ੧੮, ੧੮੭੨
੯.	ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਗਮਨ ਰਵਾਨਗੀ ਸ੍ਰੀ ਭੈਣੀ ਸਾਹਿਬ ਤੋਂ ਪ੍ਰਯਾਗ (ਅਲਾਹਬਾਦ) ਨੂੰ ਦਿਲੀ ਦੇ ਰਸਤੇ ।	... ਮਾਘ ੬, ੧੯੨੮ ਬਿ: ... ਜਨਵਰੀ, ੧੭, ੧੮੭੨
੧੦.	ਸ੍ਰੀ ਸਤਿਗੁਰੂ ਜੀ ਦੀ ਪਹੁੰਚ ਪ੍ਰਯਾਗ (ਅਲਾਹਬਾਦ)	.. ਮਾਘ ੮, ੧੯੨੮ ਬਿ: ... ਜਨਵਰੀ ੧੯, ੧੮੭੨
੧੧.	ਸ੍ਰੀ ਸਤਿਗੁਰੂ ਜੀ ਦੀ ਪ੍ਰਯਾਗ ਤੋਂ ਕਲਕਤੇ ਨੂੰ ਰਵਾਨਗੀ (ਰਾਤੀ ੧੦-੩੦ ਤੇ)	... ਮਾਰਚ ੧੦, ੧੮੭੨
੧੨.	ਸ੍ਰੀ ਸਤਿਗੁਰੂ ਜੀ ਦੀ ਪਹੁੰਚ ਕਲਕਤਾ ਅਤੇ ਰੰਗੂਨ ਲਈ ਜਹਾਜ ਤੇ ਸਵਾਰ ਹੋਣਾ ਸ਼ਾਮ ਨੂੰ ੭ ਵਜੇ ।	.. ਮਾਰਚ ੧੧, ੧੮੭੨
੧੩.	ਸ੍ਰੀ ਸਤਿਗੁਰੂ ਜੀ ਦਾ ਰੰਗੂਨ ਪਹੁੰਚਣਾ ਸਵੇਰੇ ਵੇਲੇ ।	... ਮਾਰਚ ੧੬, ੧੮੭੨
੧੪.	ਸ੍ਰੀ ਸਤਿਗੁਰੂ ਜੀ ਅਤੇ ਸਿੰਘਾਂ ਵਿਚ ਆਪਸੀ ਚਿਠੀਆਂ ਦੀ ਲਿਖਾ-ਪੜ੍ਹੀ ਜਾਰੀ ਰਹਿਣ ਤੋਂ ਬਚਣ ਲਈ ਸ੍ਰੀ ਸਤਿਗੁਰੂ ਜੀ ਨੂੰ ਮਰਗੋਈ ਭੇਜਣ ਬਾਰੇ ਸਰਕਾਰ ਦਾ ਫੈਸਲਾ ।	... ਮਾਰਚ ੨੭, ੧੮੭੨
੧੫.	ਸ੍ਰੀ ਸਤਿਗੁਰੂ ਜੀ ਦੀ 'ਆਨੰਦ' ਜਹਾਜ਼ ਤੇ ਸਵਾਰ ਹੋ ਕੇ ਰੰਗੂਨ ਤੋਂ ਮਰਗੋਈ ਨੂੰ ਰਵਾਨਗੀ ।	... ਸਤੰਬਰ ੧੮, ੧੮੮੦
੧੬.	ਸ੍ਰੀ ਸਤਿਗੁਰੂ ਜੀ ਦਾ ਮਰਗੋਈ ਪਹੁੰਚਣਾ ।	... ਸਤੰਬਰ ੨੧, ੧੮੮੦
੧੭.	ਸੰਤ ਮੀਹਾਂ ਸਿੰਘ ਜੀ ਸਰਹਾਲੀ ਦਾ ਮਰਗੋਈ ਟਾਪੂ ਪਹੁੰਚ ਕੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਕਰਨਾ ।	ਜਨਵਰੀ ੨੫, ੧੮੮੧

ਉਹ ਸੂਬੇ ਜੋ ਸ੍ਰੀ ਭੈਣੀ ਸਾਹਿਬ ਉਪ੍ਰੋਕਤ ਮੇਲੇ ਤੋਂ ਪਕੜ ਕੇ ਦੇਸ਼ ਨਿਰਵਾਸਤ ਕੀਤੇ ਗਏ ਅਤੇ ਸ੍ਰੀ ਸਤਿਗੁਰੂ ਜੀ ਦੇ ਨਾਲ ਪ੍ਰਯਾਗ ਜ਼ਿਲੇ ਵਿਚ ਰਖੇ ਗਏ। ਬਾਅਦ ਵਿਚ ਨਿਮਿਨ ਜਗ੍ਹਾ ਕੈਦ ਰੱਖਣ ਵਾਸਤੇ ਭੇਜੇ ਗਏ :—

੧.	ਸੂਬਾ ਬ੍ਰਹਮਾ ਸਿੰਘ ਜੀ	... ਏਨ੍ਹਾਂ ਨੂੰ ਮੌਲਮੀਨ (ਬਰਮਾ) ਭੇਜਿਆ ਗਿਆ
੨.	ਸੂਬਾ ਲੱਖਾ ਸਿੰਘ ਜੀ	ਕਲਕਤਾ ਤੋਂ ਜਹਾਜ਼ ਰਾਹੀਂ ਰਵਾਨਗੀ : ਦਸੰਬਰ ੧੪, ੧੮੭੨
੩.	ਸੂਬਾ ਜਵਾਹਰ ਸਿੰਘ ਜੀ	ਪਹੁੰਚ ਮੌਲਮੀਨ ਜੇਲ੍ਹ ; ਦਸੰਬਰ ੩੦, ੧੮੭੨

[ਨੋਟ :—ਅਗਸਤ ੧੮੮੧ ਦੀ ਰੀਪੋਰਟ ਅਨੁਸਾਰ ਸੂਬਾ ਜਵਾਹਰ ਸਿੰਘ ਜੀ ਦੀ ਸੇਹਤ ਬਿਲਕੁਲ ਠੀਕ ਸੀ । ਪਤਾ ਨਹੀਂ ਜੇਲ੍ਹ ਵਿਚ ਬੁਰਾ ਵਰਤਾਓ ਜਾਂ ਹੋਰ ਕਿਸੇ ਕਾਰਣ ਆਪ ਨਵੰਬਰ ੨੯, ੧੮੮੧ ਨੂੰ ਸ਼ਹੀਦੀ ਪਾ ਗਏ]

੪. ਸੂ. ਮੰਗਲ ਸਿੰਘ ਜੀ ਬਿਸ਼ਨਪੁਰਾ ਰਿਆਸਤ ਪਟਿਆਲਾ । ਇਨ੍ਹਾਂ ਨੂੰ ਮਹਾਰਾਜਾ ਪਟਿਆਲਾ ਨੇ ਪਕੜ ਕੇ

ਪ੍ਰਸ਼ਨ : ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਰੂਸ ਨਾਲ ਸਬੰਧਾਂ ਤੇ ਨੋਟ ਲਿਖੋ ।

ਉਤਰ : ਸ੍ਰੀ ਸਤਿਗੁਰੂ ਰਾਮ ਸਿੰਘ ਨੇ ਅੰਗ੍ਰੇਜ਼ਾਂ ਵਿਰੁਧ ਮਹੌਲ ਤਿਆਰ ਕਰਨ ਲਈ ਨੇਪਾਲ ਅਤੇ ਕਸ਼ਮੀਰ ਨਾਲ ਸਬੰਧ ਕਾਇਮ ਕੀਤੇ ਸਨ । ਭਾਵੇਂ ਰੂਸ ਦੇ ਪੰਜਾਬ ਵਿਚ ਆਉਣ ਬਾਰੇ ਸਭ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਵਿਚਾਰ ਪ੍ਰਗਟ ਕੀਤੇ ਸਨ, ਪਰ ਛੇਤੀ ਹੀ ਬਦੇਸ਼ ਚਲੇ ਜਾਣ ਕਰਕੇ ਇਹ ਕੰਮ ਸਿਰੇ ਨਾ ਚੜ ਸਕਿਆ । ਹਾਂ-ਸ੍ਰੀ ਸਤਿਗੁਰੂ ਜੀ ਨੇ ਬਾਬਾ ਗੁਰਚਰਨ ਸਿੰਘ ਨੂੰ ਕਾਬੁਲ ਦੇ ਇਲਾਕੇ ਵਿਚ ਜਰੂਰ ਸਰਗਰਮ ਕਰ ਦਿਤਾ । ਇਸ ਦੇ ਨਾਲ ਨਾਲ ਬਿਸ਼ਨ ਸਿੰਘ ਕਾਬੁਲ ਵਾਲਾ ਵੀ ਸਤਿਗੁਰਾਂ ਹਜ਼ੂਰੀ ਵਿਚ ਆ ਚੁਕਾ ਸੀ । ਅਗੇ ਚਲ ਕੇ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਇਨ੍ਹਾਂ ਦੋਨਾਂ ਨਾਮਧਾਰੀ ਸਿੰਘਾਂ ਨੇ ਰੂਸ ਨਾਲ ਮੇਲ ਮਿਲਾਪ ਪੈਦਾ ਕਰਨ ਵਿਚ ਬਹੁਤ ਮਦਦ ਕੀਤੀ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਨਜ਼ਰਬੰਦ ਹੋ ਜਾਣ ਤੇ ਸਤਿਗੁਰੂ ਹਰੀ ਸਿੰਘ ਜੀ ਨੇ ਰੂਸ ਨਾਲ ਸੰਬੰਧ ਕਾਇਮ ਕਰਨ ਅਤੇ ਗਲਬਾਤ ਕਰਨ ਲਈ ਬਾਬਾ ਗੁਰਚਰਨ ਸਿੰਘ ਨੂੰ ਕਈ ਵੇਰ ਰੂਸ ਭੇਜਿਆ । ਰੂਸ ਪਿਛਲੇ ਕਈ ਸਾਲਾਂ ਤੋਂ ਯੋਰੂਪ ਵਿਚ ਅੰਗ੍ਰੇਜ਼ਾਂ ਦਾ ਵਿਰੋਧੀ ਬਣਿਆ ਹੋਇਆ ਸੀ । ਇਨ੍ਹਾਂ ਦਿਨਾਂ ਵਿਚ ਇਹ ਵਿਰੋਧ ਸਿਖਰ ਤੇ ਪਹੁੰਚ ਚੁਕਾ ਸੀ । ਗੁਰਚਰਨ ਸਿੰਘ ਅਤਿ ਦੀਆ ਔਕੜਾਂ ਝਾਕਦਾ ਰੂਸ ਜਾਂਦਾ ਅਤੇ ਉਥੇ ਦੇ ਗਵਰਨਰ ਨਾਲ ਗਲਬਾਤ ਕਰਦਾ । ਉਨ੍ਹਾਂ ਪੰਜਾਬ ਵਿਚ ਗੁਰੂ ਹਰੀ ਸਿੰਘ ਜੀ ਅਤੇ ਉਨ੍ਹਾਂ ਪਿਛੇ ਵਡੀ ਗਿਣਤੀ ਵਿਚ ਨਾਮਧਾਰੀਆਂ ਦੇ ਅੰਗ੍ਰੇਜ਼ਾ ਵਿਰੁਧ ਰੋਸ ਬਾਰੇ ਦਸਿਆ । ਉਥੋਂ ਦਾ ਗਵਰਨਰ ਕਾਫਮੈਨ ਬਾਬਾ ਗੁਰਚਰਨ ਸਿੰਘ ਨੂੰ ਬਹੁਤ ਮਾਣ ਦਿੰਦਾ ਸੀ ।

ਸਤਿਗੁਰੂ ਹਰੀ ਸਿੰਘ ਜੀ ਨੇ ਰੰਗੂਨ ਤੋਂ ਸਤਿਗੁਰੂ ਰਾਮ ਸਿੰਘ ਤੋਂ ਹੁਕਮਨਾਮੇਂ ਮੰਗਵਾ ਬਾਬਾ ਗੁਰਚਰਨ ਸਿੰਘ ਰਾਹੀਂ ਹੀ ਰੂਸ ਘਲੇ ਸਨ ਅਤੇ ਉਨ੍ਹਾਂ ਦੇ ਉਤਰ ਰੰਗੂਨ ਪੁਚਾਏ । ਇਸ ਤਰ੍ਹਾਂ ਸਤਿਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਤੋਂ ਰੂਸੀ ਸਰਕਾਰ ਨਾਲ ਸੰਪਰਕ ਬਣਾ ਦਿਤੇ । ਰੂਸ ਦੀ ਸਰਕਾਰ ਵਲੋਂ ਮਦਦ ਦੇ ਭਰੋਸੇ ਦੀ ਚਿਠੀ "ਸ਼ਕਤੀਸ਼ਾਲੀ ਰਾਜਾ ਬੁਧ ਸਿੰਘ" ਜੀ ਨੂੰ ਆਈ । ਸਤਿਗੁਰੂ ਹਰੀ ਜੀ ਨੇ ਆਪ ਪਤਰ ਲਿਖਕੇ ਰੂਸ ਭੇਜੇ । ਅਤੇ ਰੂਸੀ ਸਰਕਾਰ ਨੇ ਤੋਹਫੇ ਵਜੋਂ ਕੁਝ ਚੀਜ਼ਾਂ ਸ੍ਰੀ ਭੈਣੀ ਸਾਹਿਬ ਭੇਜੀਆਂ ।

ਬਾਬਾ ਗੁਰਚਰਨ ਸਿੰਘ ਕਈ ਸਾਲ ਰੂਸ ਅਤੇ ਪੰਜਾਬ ਆਉਂਦੇ ਜਾਂਦੇ ਰਹੇ ਅਤੇ ਸੰਨ 1881 ਵਿਚ ਗ੍ਰਿਫਤਾਰ ਕਰਕੇ ਨਜ਼ਰਬੰਦ ਕਰ ਦਿਤੇ ਗਏ ।

ਬਾਬਾ ਗੁਰਚਰਨ ਸਿੰਘ ਤੋਂ ਬਾਅਦ ਬਿਸ਼ਨ ਸਿੰਘ ਅਰੋੜਾ, ਕਾਬੁਲ ਵਾਲਾ ਰੂਸ ਨਾਲ ਪਤਰ ਵਿਹਾਰ ਕਰਦਾ ਰਿਹਾ । ਰੂਸ ਨਾਲ ਚਿਠੀ ਪਤਰ ਦੇ ਸੰਪਰਕ ਲਈ ਹੋਰ ਕਈ ਏਜੰਟਾਂ ਦੀ ਮਦਦ ਲਈ ਜਾਂਦੀ ਸੀ । ਇਨ੍ਹਾਂ ਚੋਂ ਮਾਇਆ ਹਿੰਦੂ, ਸ਼ੰਕਰਰਾਏ, ਰਾਮ ਚਰਨ ਟੋਰਾ ਆਦਿ ਮੁਖ ਸਨ । ਭਗਵਾਨ ਸਿੰਘ ਅੜਬੰਗੀ ਕਸ਼ਮੀਰ ਦੇ ਰਸਤਿਉਂ ਰੂਸ ਪਹੁੰਚ ਗਿਆ ਸੀ ।

ਮਹਾਰਾਜਾ ਦਲੀਪ ਸਿੰਘ ਦੇ ਰੂਸ ਪੁਜ ਜਾਣ ਤੇ ਕੂਕਿਆਂ ਵਿਚ ਬਹੁਤ ਉਤਸ਼ਾਹ ਪੈਦਾ ਹੋਇਆ । ਵਡੀ ਗਿਣਤੀ ਵਿਚ ਨੌਜਵਾਨ ਨਾਮਧਾਰੀ ਬਿਸ਼ਨ ਸਿੰਘ ਅਰੋੜਾ ਅਤੇ ਸਤਿਗੁਰੂ ਹਰੀ ਸਿੰਘ ਜੀ ਰਾਹੀ, ਮਹਾਰਾਜੇ ਦੀ ਮਦਦ ਲਈ, ਰੂਸ ਪੁਜ ਗਏ ਸਨ ।

ਮੀਆਂ ਸਿੰਘ ਸਰਹਾਲੀ ਵਾਲਾ ਅਤੇ ਹੋਰ ਕਈ ਨਾਮਧਾਰੀ ਰੂਸ ਪੁਜਕੇ ਫੌਜ ਖੜੀ ਕਰਨ ਦੀਆ ਤਿਆਰੀਆਂ ਕਰਨ ਲਗ ਪਏ । ਇਥੋਂ ਤੱਕ ਕਿ ਅੰਗਰੇਜ਼ਾਂ ਨੂੰ ਖੁਫੀਆ ਏਜੰਟਾਂ ਨੇ ਸੰਨ 1889 ਵਿਚ ਖਬਰ ਦਿਤੀ ਸੀ ਕਿ ਵਡੀ ਗਿਣਤੀ ਵਿਚ ਕੂਕੇ ਰੂਸੀ ਫੌਜ ਵਿਚ ਭਰਤੀ ਹੋਣ ਲਈ ਰੂਸ ਜਾ ਰਹੇ ਹਨ । ਪਰ ਅਫਸੋਸ ਇਹ ਹੈ ਕਿ ਪੰਜਾਬ ਦੇ ਸਿਖਾ ਵਲੋਂ ਨਿਰਾਸ਼ਾਜਨਕ ਉਤਰ ਮਿਲਣ ਤੇ ਮਹਾਰਾਜਾ ਦਲੀਪ ਸਿੰਘ ਹੌਂਸਲਾ ਛਡ ਗਿਆ ਅਤੇ ਯੂਰੋਪ ਪਰਤ ਗਿਆ ।

ਇਸ ਤਰ੍ਹਾਂ ਸਤਿਗੁਰੂ ਹਰੀ ਸਿੰਘ ਜੀ ਨੇ ਆਪਣੀਆਂ ਕੋਸ਼ਿਸ਼ਾਂ ਰਾਹੀਂ ਰੂਸ ਨਾਲ ਸੰਬੰਧ ਕਾਇਮ ਕੀਤੇ ।

ਪ੍ਰਸ਼ਨ : ਗੁਰੂ ਹਰੀ ਸਿੰਘ ਜੀ ਵੇਲੇ ਦੇ ਪ੍ਰਚਾਰ ਦੇ ਸਾਧਨਾਂ ਤੇ ਨੋਟ ਦਿਉ ।

ਉਤਰ : ਗੁਰੂ ਹਰੀ ਸਿੰਘ ਜੀ ਦਾ ਸਮਾਂ ਸਖਤੀਆਂ ਦਾ ਸਮਾਂ ਸੀ । ਇਕ ਪਾਸੇ ਤਾਂ ਪੁਲੀਸ ਦੀਆਂ ਵਧੀਕੀਆਂ ਦੂਸਰੇ ਪਾਸੇ ਗੁਰੂ ਹਰੀ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰਬੰਦ ਕੀਤਾ ਹੋਇਆ ਸੀ । ਬਾਹਰੋਂ ਆਈਆਂ ਸੰਗਤਾਂ ਨੂੰ ਡੇਰੇ ਵਿਚ ਦਰਸ਼ਨ ਕਰਨ ਨਾ ਜਾਣ ਦਿਤਾ ਜਾਂਦਾ । 1876 ਵਿਚ ਜਦੋਂ ਆਪ ਗੁਰੂ ਹਰੀ ਸਿੰਘ ਜੀ ਦੇ ਰੂਪ ਵਿਚ ਪ੍ਰਗਟ ਹੋਏ ਤਾਂ ਆਪਣੇ ਪ੍ਰਚਾਰ ਲਈ ਸਾਧਨ ਜੁਟਾਣੇ ਸ਼ੁਰੂ ਕੀਤੇ । ਜਿਵੇਂ ਕਿ ਰਾਹ ਤੋਂ ਉਖੜੇ ਸੰਤਾਂ ਨੂੰ ਮੁੜ ਰਾਹੇ ਪਾ ਸਿਖੀ ਦੇ ਪ੍ਰਚਾਰ ਲਈ ਲਾਇਆ । ਸ੍ਰਕਾਰ ਕੋਲੋਂ ਛੁਟੀ ਲੈ ਆਪ ਪਿਛੋਂ ਪਿੰਡ ਜਾ ਸਿਖੀ ਦਾ ਪ੍ਰਚਾਰ ਕਰਨਾ । ਭਾਂ ਜੁ ਸੰਗਤਾਂ ਲੜੀ ਵਿਚ ਪਰੁਚੀਆਂ ਰਹਿਣ । ਫੇਰ ਹੌਲੀ ਹੌਲੀ ਕੁਝ ਸਖਤੀਆਂ ਘਟ ਗਈਆਂ । ਸੰਗਤਾਂ ਨੂੰ ਵੀ ਟੋਲੀਆਂ ਦੇ ਰੂਪ ਵਿਚ ਸਤਿਗੁਰਾਂ ਦੇ ਦਰਸ਼ਨ ਕਰਨ ਦੀ ਇਜਾਜ਼ਤ ਮਿਲਣ ਲਗੀ ਤੇ ਪ੍ਰਚਾਰ ਹੋਣ ਲਗਾ ।

ਪ੍ਰਸ਼ਨ : ਸਤਿਗੁਰੂ ਪ੍ਰਤਾਪ ਸਿੰਘ ਦਾ ਪ੍ਰਕਾਸ਼ ਕਦੋਂ ਹੋਇਆ ।

ਉਤਰ : ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਗੁਰੂ ਹਰੀ ਸਿੰਘ ਦੇ ਘਰ ਮਾਤਾ ਜੀਵਨ ਕੌਰ ਦੀ ਕੁਖੋਂ ਸੰਮਤ 1946 ਬਿ: ਮੁਤਾਬਿਕ 1889 ਈ: ਵਿਚ ਚੇਤ ਵਦੀ ਤੀਜ ਐਤਵਾਰ ਬੜੇ ਜੋਹੇ ਦਿਨ ਰਹਿੰਦੇ ਥੋੜੀ ਥੋੜੀ ਵਰਖਾ ਹੁੰਦੇ ਹੋਇਆ । ਆਪਦਾ ਪ੍ਰਕਾਸ਼ ਸੁਣ ਗੁਰੂ ਹਰੀ ਸਿੰਘ ਜੀ ਬਚਨ ਕੀਤਾ 'ਵੱਡੇ ਪ੍ਰਤਾਪ ਵਾਲਾ ਆਇਆ ਹੈ, ਬੜੇ ਸੁਖ ਵੰਡੇਗਾ, ਸੰਗਤਾਂ ਸੁਖ ਪਾਉਣਗੀਆਂ ਏਹਦੇ ਕੋਲੋਂ ।"

ਪ੍ਰਸ਼ਨ : ਗੁਰੂ ਹਰੀ ਸਿੰਘ ਦੀ ਤੇ ਪ੍ਰਵਾਰ ਦੀ ਨਿਜੀ ਜਾਣਕਾਰੀ ਦਿਉ ।

ਉਤਰ : ਗੁਰੂ ਹਰੀ ਸਿੰਘ ਦਾ ਪਹਿਲਾ ਨਾਮ ਬੁੱਧ ਸਿੰਘ ਸੀ । ਆਪਦਾ ਪਹਿਲਾ ਵਿਆਹ ਮਾਤਾ ਸਾਹਿਬੋ ਜੀ ਨਾਲ ਹੋਇਆ ਜੋ ਛੋਟੀ ਚੜ੍ਹਾਈ ਕਰ ਗਏ । ਆਪ ਦੀ ਕੁਖੋਂ ਦੋ ਪੁਤਰੀਆਂ ਦਾ ਜਨਮ ਹੋਇਆ ਜਿਨ੍ਹਾਂ ਦਾ ਨਾਮ ਭਾਗੋ ਤੇ ਮਤਾਬੋ ਸੀ । ਸੰਮਤ 1944 ਬਿ. ਵਿਚ ਆਪਦੇ ਅਨੰਦ ਮਾਤਾ ਜੀਵਨ ਕੌਰ ਤੇ ਫਤਹਿ ਕੌਰ ਜੀ ਨਾਲ ਹੋਇਆ । ਮਾਤਾ ਜੀਵਨ ਕੌਰ ਜੀ ਦੀ ਕੁਖੋਂ ਤਿੰਨ ਸਪੁਤਰਾਂ ਸਤਿਗੁਰੂ ਪ੍ਰਤਾਪ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਤੇ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਪ੍ਰਕਾਸ਼ ਬਿਕ੍ਰਮੀ 1946 ਨੂੰ ਚੇਤ ਵਦੀ ਤੀਜ ਐਤਵਾਰ, ਸੰਮਤ 1949 ਬਿ: ਕੱਤਕ ਵਦੀ ਦਸਵੀਂ ਐਤਵਾਰ ਅਤੇ ਅਸੂ ਵਦੀ ਦਸਵੀਂ ਸੰਮਤ 1954 ਬਿ: ਦਿਨ ਸੋਮਵਾਰ ਨੂੰ ਹੋਇਆ ।

ਪ੍ਰਸ਼ਨ : ਨਾਮਧਾਰੀ ਰਹਿਤ ਮਰਯਾਦਾ ਬਾਰੇ ਜਾਣਕਾਰੀ ਭਰਪੂਰ ਲੇਖ ਲਿਖੋ ।

ਉੱਤਰ :

ਨਾਮਧਾਰੀ ਰਹਿਤ-ਮਰਯਾਦਾ

ਇਕ ਦਿਨ ਮਹਾਰਾਜ ਜੀ (ਗੁਰੂ ਹਰੀ ਸਿੰਘ ਜੀ) ਕੋ ਅਵਾਜ਼ਾ ਹੋਇਆ ਕਿ ਸਾਡੇ ਨਮਿਤ ਪੰਜ ਅਖਡ ਭੋਗ ਪਾਉ । ਗੁਰਦਿਤ ਸਿੰਘ ਮਹੰਤ ਤੇ ਰਾਘੋ ਸਿੰਘ ਲਾਂਗਰੀ ਤੇ ਨਰਾਇਣ ਸਿੰਘ ਸਿਆੜੀਆ ਪਾਂਚ ਅਖੰਡ ਪਾਠਕਾ ਸੰਕਲਪ ਕਰਕੇ ਪਾਠ ਅਖੰਡ ਧਰੇ । ਏਕ ਸਰੀਰ ਧੂਪ ਪੌਂਦਾ ਰਿਹਾ ਤੇ ਇਕ ਘੀ ਕਾ ਦੀਵਾ ਜਗਦਾ ਰਿਹਾ ਧੂਪੀਆ ਮਾਲਾ ਫੇਰੇ ਨਾਲੇ ਧੂਪ ਕੀ ਖਬਰ ਰਖੇਂ ਕੁੰਭ ਭੀ ਰਖਣਾ ਰਾਤ ਕੋ ਅਗੇ ਦੀਵਾ ਤੇਲ ਕਾ ਧਰਨਾ ਦਿਨ ਕੋ ਸਤਿਗੁਰਾਂ ਦੇ ਦੋਤਿਆਂ ਬਸੰਤ ਸਿੰਘ ਹੋਰਾਂ ਮਦਦ ਦੇਣੀ ਰਾਤ ਏਹਨਾਂ ਕਟਨੀ ਤੀਏ ਪਾਠ ਮੇ ਮੁਕਬਲਾਂ ਨੇ ਬਟਨ ਕੋ ਚਾੜਆਂਦਾ ਤੁਕ ਪਾਠ ਕੀ ਉਪਰ ਚੋਬਾਰੇ ਕੇ ਪੜ੍ਹਦੇ ਰਹੇ ਦੀਵੇਂ ਹਮਨ ਬੁਝਾਇ ਦੀਆ ਦਰਬਾਰ ਕੇ ਉਪਰ ਰਮਾਲ ਪਾਇ ਦੀਆ । ਬਟਠ ਸਾਰੇ ਫਿਰ ਕੇ ਦੇਖ ਕੇ ਲੰਗਰ ਮੇ ਭੀ ਚਲਾ ਗਿਆ ਕੇ ਪਾਠ ਤਾਂ ਕੋਈ ਨਹੀਂ ਕਰਦਾ ਸਰਮਿੰਦਾ ਹੋਇ ਕੇ ਚਲਾ ਗਿਆ ਫੇਰ ਉਸੀ ਬਖਤ ਕੇਹੋ ਤੁਕ ਲੇ ਕੇ ਪੂਰੇ ਕੀਤੇ ਪਾਂਚ ਭੋਗ ਤਾਂ ਪਾਏ ਇਸੀ ਤਰ੍ਹਾਂ । ਸੰਗਤ ਮੇ ਭੀ ਪੈਣੇ ਲਗੇ ਭੋਗ

ਗੁਪਤ ਭੀ ਤੇ ਪਰਗਟ ਭੀ ਧਰਮ ਬਧਨੇ ਲਗਾ । ਓਸ ਸਮੇਂ ਖੇਦ ਸੀ ਸ੍ਰੀ ਸਤਿਗੁਰੂ ਜੀ ਕੋ ਭੋਗ ਪਾਨੇ ਸੇ ਫਿਰ ਸੁਖ ਹੋਇਆ । ਜਾਂ ਪਾਂਚ ਭੋਗ ਪੈ ਗਏ । ਸੁਨ ਸੁਨ ਕੇ ਸਿੰਘ ਸਤਿਗੁਰਾਂ ਨਮਿਤ ਭੋਗ ਪਾਉਣ ਲਗੇ । ਬਾਬਾ ਦਰਬਾਰਾ ਸਿੰਘ ਭੀ ਆਇ ਰਿਹਾ ਰਾਮਦਾਸ ਪੁਰੇ ਮੇਂ । ਬਾਬਾ ਦਰਬਾਰਾ ਸਿੰਘ ਜੀ ਹੱਥ ਗੁਰੂ ਹਰੀ ਸਿੰਘ ਜੀ ਨੇ ਅਖੰਡ ਪਾਠ ਦੀ ਮਰਯਾਦਾ ਤੇ ਹੋਰ ਹਾਲ ਹਵਾਲ ਲਿਖ ਕੇ ਭੇਜਿਆ ਸੀ ਰੰਗੂਨ । ਫੇਰ ਜਾਂ ਮੁੜ ਕੇ ਆਏ ਮਹਾਰਾਜ ਜੀ ਕਾ ਦਰਸ਼ਨ ਕੀਤਾ । ਨਾਲੇ ਹੁਕਮ ਨਾਮਾਂ ਦਿਖਾਇਆ । ਪੜ੍ਹਿਆ ਦੀਨ ਦਿਆਲ ਜੋ ਲਿਖਿਆ ਸੀ ਕਿ ਪ੍ਰਿਥਮੇ ਪਾਠ ਸੁਣਾਇਕੇ ਕਹਨਾ ਔਰ ਬੀੜ ਲਿਖਤ ਦੀ ਹੋਵੇ ਚਮੜੇ ਦੀ ਜਿਲਦ ਨਹੀਂ ਰਖਣੀ । ਗੋਡਿਆਂ ਤਾਈਂ ਲਤਾਂ ਕੂਹਣੀਆ ਤਾਈਂ ਬਾਹਾਂ ਧੋਣੀਆਂ ਤੇ ਚੁਲੇ ਕਰਨੇ । ਮੰਜੇ ਉਤੇ ਪਾਠੀ ਨਾ ਸੋਣ । ਗ੍ਰਿਸਤ ਨਾ ਕੋਈ ਬਰਤੇ ਜਿੰਨਾ ਚਿਰ ਪਾਠ ਹੋਵੇ । ਓਸ ਜਗ੍ਹਾ ਦੂਆ ਆਦਮੀ ਬਹਿ ਕੇ ਗਲ ਨਾ ਕਰੇ ਅਨ-ਦਾਹੜੀਆ ਲੜਕਾ ਨਹੀਂ ਲਾਵਣਾ । ਬਾਰਾਂ ਸਿੰਘ ਬੀ ਬਿਨਾਂ ਪਾਠ ਨਹੀਂ ਟੋਰਨਾ । ਘਟ ਬਾਰਾਂ ਬੀ ਨਹੀਂ ਕਰਨੇ । ਪਾਠੀ ਪੂਰੇ ਰਖਣੇ । ਅੰਨ ਥੋੜ੍ਹਾ ਛਕੇ । ਜਿਸ ਸੇ ਥੱਕਾ ਨਾ ਸਰੇ । ਅਬਲ ਤਾਂ ਚੌਦਾਂ ਸਰੀਰ ਚਾਹੀਏ ਨਹੀਂ ਤਾ ਬਾਰਾਂ ਬੀ ਘਟ ਨਾ ਕਰੇ । ਚੋਲੀ ਰੁਮਾਲ ਧਦਿੰ ਲੈਣੇ । ਜੇ ਕਪਾਹੇ ਕਪੜੇ ਹੋਣ ਤਾਂ ਧੋਣੇ । ਪਾਂਚ ਪਾਠੀ ਧੂਪੀਏ ਦੋ ਪਹਿਰੇ ਵਾਲੇ ਦੋ ਲਾਂਗਰੀ । ਚੋਦਾਂ ਸਿੰਘ ਲਿਖੇ ਹੈਂ । ਪਰ ਬਾਰਾਂ ਥੀਂ ਘਟ ਪਾਠ ਨਹੀਂ ਤੋਰਨਾ, ਕੁੰਭ ਕੋਰੇ ਮਿਟੀ ਕੇ ਬਰਤਣ ਮੇ ਜਲ ਪਾਇ ਕੇ ਰਖਣਾ । ਕੁੰਭ ਕੇ ਹੇਠ ਕਣਕ ਕੇ ਦਾਣੇ ਰਖਣੇ । ਉਪਰ ਕੋਰਾ ਬਸਤਰ ਧੋਇ ਕੇ ਪਾਣਾ । ਉਪਰ ਨਲਯੇਰ ਰਖਣਾ : ਧੂਪੀਏ ਕੇ ਅਗੇ ਜਪ ਸਾਹਿਬ ਕੀ ਸੈਂਚੀ ਧਰਨੀ ਇਕ ਗਿਠ ਭਰ ਕੀ ਲਕੜੀ ਬੇਰੀ ਕੀ ਜਾਂ ਪਲਾਹ ਕੀ ਥਾਲੀ ਮੇਂ ਧਰੇ ਓਸ ਪਰ ਜਪ ਸਾਹਿਬ ਕੀ ਪੋਥੀ ਪੂਰੀ ਹੋਈ ਤੇ ਘਿਉ ਕੀ ਆਹੂਤੀ ਪਾਵੇ । ਭਜਨ ਕਾ ਨਾਮ ਲੈ ਕੇ । ਇਕ ਦੀਵਾ ਘਿਉ ਕਾ ਜਗਾਇਕੇ ਥਾਲੀ ਮੇਂ ਧਰੇ । ਦੀਵਾ ਬੁਝ ਨਾ ਜਾਇ । ਖਵਰਦਾਰੀ ਰਖਣੀ । ਕੋਲ ਕੋਲੇ ਦਗਦੇ ਰਹਿਣ । ਧੂਪ ਉਹਨਾਂ ਉਪਰ ਪੈਂਦੀ ਰਹੇ । ਧੂਪੀਏ ਨੂੰ ਤਿੰਨਾਂ ਚੀਜ਼ਾਂ ਦੀ ਖਵਰਦਾਰ ਚਾਹੀਏ । ਧੂਪ, ਦੀਵਾ ਤੇ ਲਕੜੀ ਗੀਟਾਂ ਹਮਨ ਜਗਦਾ ਰਹੇ । ਜਿਤਨਾ ਚਿਰ ਭੋਗ ਨਾ ਪਵੇ ਉਤਨਾ ਚਿਰ ਤਿੰਨਾਂ ਚੀਜ਼ਾਂ ਵਿਚੋਂ ਬੁਝੇ ਨਾਂਹ । ਅੰਮ੍ਰਿਤ ਛਕਾਇਕੇ ਪਾਠ ਟੋਰਨਾ । ਪਾਠੀ ਧੂਪੀਏ ਪਹਿਰੇ ਵਾਲੇ ਕੋ । ਲਾਂਗਰੀ ਭੀ ਅੰਮ੍ਰਿਤ ਛਕੇ ਤਾਂ ਲੰਗਰ ਬੜੇ । ਲੰਗਰ ਕੀ ਤੇ ਅਖੰਡ ਪਾਠ ਕੀ ਮਰਯਾਦਾ ਇਕ ਹੈ । ਰਾਤ ਨੂੰ ਗਰੰਥ ਸਾਹਿਬ ਕੇ ਮੋਹਰੇ ਘਿਓ ਕਾ ਦੀਵਾ ਅਤੇ ਧੂਪੀਏ ਅਗੇ ।

ਪ੍ਰਿਥਮੇ ਸਿੰਘ ਸਾਰੇ ਸੋਧੀ ਹੋਵਣ । ਅੰਮ੍ਰਿਤ ਬਨਾਵਣ ਮਰਯਾਦਾ ਨਾਲ । ਜਪ ਜਾਪ ਚੋਪਈ ਸਵੈਯੇ ਦਸੇ ਪੰਜ ਫੇਰੀ ਪੜ੍ਹ ਕੇ ਪੰਜ ਪੌੜੇ ਅਨੰਦ ਕੇ ਪੜ੍ਹੇ । ਪਾਠੀ ਧੂਪੀਏ ਲਾਂਗਰੀ ਅਰ ਪੈਰੇ ਵਾਲੇ ਕੋ ਅੰਮ੍ਰਿਤ ਛਕੋਣਾ । ਕਮਰ ਕਸੇ ਕਰ ਕੇ ਸਫਾ ਜੰਗ ਗਾਤਰ ਪਾ ਕੇ ।

ਪ੍ਰਿਥਮੇ ਗਰੰਥ ਸਾਹਿਬ ਪ੍ਰਗਾਸੇ ਤਕ ਲਵੇ । ਸਵਾ ਰੁਪਏ ਕਾ ਕੜਾਹ ਪ੍ਰਸਾਦ ਤਾਬਿਆ ਰਖਣਾ । ਪਾਠੀ ਅਰ ਧੂਪੀਏ ਇਸ਼ਨਾਨ ਕਰ ਕੇ ਅੰਮ੍ਰਿਤ ਛਕ ਕੇ ਤਾਬਿਆ ਆਵੇ ਅਰਦਾਸਾ ਕਰਕੇ ਪੜ੍ਹਨ ਲਗੇ । ਅਰਦਾਸਾ ਕਰਨ ਵਾਲੇ ਕਾ ਇਸਨਾਨ ਕੀਤਾ ਹੋਵੇ । ਸੁਧ ਹੋਇਕੇ ਅਰਦਾਸਾ ਕਰੇ । ਅਰਦਾਸਾ ਬਾਰਾਂ ਪਾਤਸ਼ਾਹੀਆਂ ਕਾ । ਜਿਸ ਵਕਤ ਅਰਦਾਸੀਆ ਕਹੇ ਕਿ ਅਖੰਡ ਪਾਠ ਟੋਰਿਆ ਹੈ ਉਸੀ ਵਖਤ ਪਾਠੀ ਅਰ ਧੂਪੀਆ ਪਾਠ ਕਰਨ ਲਗ ਜਾਵਣ । ਪਾਠੀ ਅਰ ਧੂਪੀਆ ਅਗੋਂ ਤੁਕ ਲਵੇ । ਪਾਠੀ ਅਰ ਧੂਪੀਏ ਬੀ । ਜਦ ਰੋਲ ਆਵੇ ਤਾਂ ਇਸ਼ਨਾਨ ਕਰ ਕੇ ਲਗੇ । ਏਕ ਰੁਪਈਆ ਮੰਜੀ ਸਾਹਿਬ ਕੇ ਪਾਵੇ ਹੇਠ ਰਖੇ ਨਾਨਕ ਸ਼ਾਹੀ ਪਾਠੀ ਖੇਫ ਰਖੇ ਪਤਰਾ ਨਾ ਉਥਲਿਆ ਜਾਏ । ਤੁਕ ਅਖਰ ਲਗ ਮਾਤ੍ਰ ਸੁਧ ਕੇ ਪੜ੍ਹਨਾ । ਹਰ ਤਰ੍ਹਾਂ ਸੇ ਬਿਘਨ ਬਚਾਵੇ । ਨਿਰ-ਬਿਘਨ ਅਖੰਡ ਪਾਠ ਅਕੋਤਰ ਸੌ ਖੁਲੇ ਪਾਠ ਜਿੰਨਾ ਫਲ ਹੈ । ਜੇ ਵਿਘਨ ਪੈ ਜਾਵੇ ਤਾਂ ਇਕ ਪਾਠ ਖੁਲੇ ਜਿੰਨਾ ਮਹਾਤਮ ਹੈ । ਤਾਂ ਤੇ ਬਿਘਨ ਬਚੋਣਾ ਚਾਹੀਏ । ਪਾਠੀ ਕਾਹਲਾ ਪਾਠ ਕਰਨ ਵਾਲੇ ਹੋਣ । ਕਿਉਂਕਿ ਸੋਲਾਂ ਪੈਰਾਂ ਮੇਂ ਭੋਗ ਪਾਇ ਕੇ

ਮਹਾਤਮ ਹੈ ਰਾਮਦਾਸ ਪੁਰੇ ਸਾਹਿਬ ਮੇਂ ਅਠੀ ਨਵੀਂ ਦਸੀਂ ਪਹਿਰੀ ਪਾਇ ਦਿੰਦੇ ਹੈ। ਪੈਹਰੇ ਵਾਲੇ ਨੂੰ ਚਾਹੀਏ ਮਾਲਾ ਫੇਰੇ। ਰਸਨਾ ਕਾ ਭਜਨ ਕਰੇ। ਪੰਦਰਾਂ ਪਤਰੇ ਰਹਿਣ ਤਾਂ ਪਾਠੀ ਸੈਨਤ ਦੇਵੇ ਤੇ ਟੱਲੀ ਵਜਾਵੇ। ਪਹਿਰੇ ਵਾਲਾ ਜਾਇਕੇ ਖਬਰ ਦੇਵੇ। ਇਸ਼ਨਾਨ ਕਰ ਕੇ ਤਿਆਰ ਹੋ ਰਹੇ। ਜਾਂ ਪਤਰੇ ਪੂਰੇ ਹੋਏ ਤੇ ਫੇਰ ਸੈਨਤ ਦੇਵੇ ਟੱਲੀ ਵਜਾਵੇ। ਪਾਠੀ ਧੂਪੀਏ ਕੋ ਸਦ ਲੈ ਆਵੇ। ਅਰਦਾਸਾ ਕਰ ਕੇ ਪਾਠੀ ਧੂਪੀਆ ਤੁਕ ਲੈਣ ਤੇ ਜੋਹੜੇ ਉਠਣ ਓਹ ਵੀ ਅਰਦਾਸਾ ਕਰਨ। ਤਾਂ ਬੋਲਣ ਜੈਸੇ ਮੰਤਰ ਗੁਪਤ ਵਾਕ ਕਵੀ ਪ੍ਰਗਟ ਕੀਤਾ ਹੈ। ਰੀਤੀ ਪ੍ਰਗਟ ਕੀਤੀ ਹੈ। ਇਸੀ ਰੀਤੀ ਨਾਲ ਅਖੰਡ ਪਾਠ ਟੋਰਨੇ। ਅਖੰਡ ਪਾਠ ਕੀ ਮਰਯਾਦਾ ਵੀ ਬਾਹਰਯੋਂ ਗੁਰੂ ਨੇ ਪ੍ਰਗਟ ਕਰੀ ਹੈ।

ਨੋਟ—ਜੋ ਅਠੀਂ ਪਹਿਰੀਂ ਭੋਗ ਨ ਪਵੇ ਤਾਂ ਸੂਰਜ ਦੀਆਂ ਰਿਸ਼ਮਾਂ ਨਾਲ ਕੜਾਹ ਪ੍ਰਸ਼ਾਦਿ ਕਰ ਕੇ ਭੋਗ ਲਾਉਣਾ।

ਸੂਰਜ ਦੀਆਂ ਰਿਸ਼ਮਾਂ ਨਾਲ ਸਵਾ ਰੁਪਏ ਕਾ ਕੜਾਹ ਪ੍ਰਸ਼ਾਦਿ ਵਰਤਾਇ ਦੇਵੇ। ਅਰਦਾਸਾ ਕਰ ਕੇ। ਜੇ ਚੀਤਾ ਆਵੇ ਪਾਠੀ ਧੂਪੀਏ ਕੋ ਤਾਂ ਪਹਿਰੇ ਵਾਲੇ ਕੋ ਤੁਕ ਦੇ ਕੇ ਚੀਤਾ ਛਡ ਕੇ ਕੌਲੀ ਨਾਲ ਗੋਡਿਆਂ ਤਾਈਂ ਲਤਾਂ ਕੂਹਣੀਆਂ ਤਾਈਂ ਬਾਹਾਂ ਧੋ ਕੇ ਚੁਲੇ ਕਰੇ। ਰੁਮਾਲ ਨਾਲ ਹਥ ਮੂੰਹ ਧੋਤਾ ਹੋਇਆ ਪੋਚ ਕੇ ਤਾਂ ਤਾਬਿਆ ਜਾਏ। ਸਿੰਘ ਪਾਚ ਕਕੇ ਕੀ ਰੀਤੀ ਮੇਂ ਪਰਪੱਕ ਹੋਵੇ।

ਧੂਪ ਬਣਾਉਣ ਦੀ ਵਿਧੀ

੧. ਬਦਾਮ, ੨. ਸਾਉਗੀ, ੩. ਛੁਹਾਰੇ, ੪. ਇਲੈਚੀ ਛੋਟੀ, ੫. ਲੌਂਗ, ੬. ਸੰਧੂਰ, ੭. ਮੁਸ਼ਕ ਕਾਫੂਰ, ੮. ਸੁਪਾਰੀਆਂ, ੯. ਲਾਲ ਚੰਦਨ, ੧੦. ਸਫੈਦ ਚੰਦਨ, ੧੧, ਕੇਸਰ, ੧੨. ਕਸਤੂਰੀ, ੧੩. ਮੁਥਰਾਂ, ੧੪. ਕਾਲੀ ਛੜ, ੧੫. ਇੰਦਰ ਜੌਂ, ੧੬. ਦੇਸੀ ਜੌਂ, ੧੭. ਤਿਲ, ੧੮. ਗੁਗਲ, ੧੯. ਭੋਜ ਪਤ੍ਰ, ੨੦. ਖੰਡ, ੨੧. ਘਿਉ, ੨੨. ਗਰੀ ਖੋਪਾ।

ਕੜਾਹ ਪ੍ਰਸਾਦਿ ਕਰ ਕੇ ਤਾਬਿਆ ਧਰ। ਭੋਗ ਗਰੰਥ ਸਾਹਿਬ ਕਾ ਪੈਣ ਸੇ ਪਹਿਲੇ ਈ ਏਕ ਨਲਯੇਰ ਹਮਨ ਮੇਂ ਲਗਾਇ ਦੇਵੇ। ਧੂਪੀਆ ਐਸੀ ਜੁਗਤ ਨਾਲ ਪਾਠ ਕਰੇ ਜਾਂ ਪਾਠੀ ਕਹੇ ਕਿ ਅਠਾਰਹ ਦਸ ਈਸ ਧੂਪੀਏ ਕੋ ਭੀ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲ। ਅਠਾਰਹਿ ਦਸ ਬੀਸ ਜਾਂ ਪਾਠੀ ਕਹੇ ਤਾਂ ਤਤਕਾਲ ਅਰਦਾਸਾ ਕਰਨ ਲਗੇ।

ਏਹ ਰੀਤੀ ਸਬੇਗ ਸਿੰਘ ਜੀ ਮਰ੍ਹਾਨਾ ਲੈ ਕੇ ਆਏ। ਨੌਂ ਦਿਨ ਰਹਿ ਕੇ ਮੁੜ ਆਏ। ਰਾਮਦਾਸ ਪੁਰੇ ਸਾਹਿਬ। ਮਹਾਰਾਜ ਹਰੀ ਸਿੰਘ ਜੀ ਕਾ ਦਰਸ਼ਨ ਕੀਤਾ ਹੁਕਮ ਨਾਮਾਂ ਪੜ੍ਹਿਆ ਜਿਸ ਧਾਰਣਾਂ ਨਾਲ ਲਿਖ ਕੇ ਭੇਜਿਆ ਉਸ ਧਾਰਨਾਂ ਨਾਲ ਰਾਮਦਾਸ ਪੁਰੇ ਅਖੰਡ ਪਾਠ ਕਰਨੇ ਲਗੇ। ਅਕੋਤਰ ਅਕੋਤਰ ਸੈ ਭੋਗ ਹਰ ਸਾਲ ਮੇ ਪੈਣੇ ਲਗੇ। ਮਹਾਰਾਜ ਜੀ ਬਚਨ ਕੀਤਾ ਜਿਵੇਂ ਸੁਚ ਪਵਿਤਰਤਾ ਨਾਲ ਕਹੀ ਹੈ। ਜੋ ਕਰੇਗਾ ਸੋ ਨਿਹਾਲ ਹੋਵੇਗਾ। ਸਿੰਘ ਬੜੀ ਕੋਸ਼ਸ਼ ਲਗੇ ਕਰਨ ਪਾਠ ਕੀ। ਏਥੋਂ ਕੀ ਰੀਤੀ ਦੇਖ ਕੇ ਸੰਗਤ ਮੇ ਭੀ ਅਖੰਡ ਪਾਠ ਹੋਣੇ ਲਗੇ। ਏਤਨੀ ਰੀਤੀ ਅਪ ਸ੍ਰੀ ਸਤਿਗੁਰੂ ਜੀ ਮੁਖਾਰ ਬਿੰਦ ਸੇ ਉਚਾਰੀ।

ਵਾਕ ਕਵੀ—ਪਾਠੀਆਂ ਕੀ ਜਿਤਨੀ ਸੇਵਾ ਕਰੀਏ ਤਿਤਨੀ ਥੋੜੀ ਹੈ। ਗੁਰੂ ਜੀ ਕੋ ਛਕਾਵਣਾ ਹੈ। ਜੇੜਾ ਪਾਠੀ ਨੂੰ ਛਕਾਵਣਾ ਹੈ। ਅਕਾਲ ਪੁਰਖ ਕੇ ਮੁਖ ਮੇ ਪੈਂਦਾ ਹੈ। ਗਰੀਬ ਕੇ ਵਾਸਤੇ ਪੰਝੀ ਰੁਪੈ ਮੇ ਭੋਗ ਅਖੰਡ। ਫੁਰਸਤ ਵਾਲਾ ਜਿਤਨਾ ਮਰਜ਼ੀ ਹੈ ਧਨ ਲਗਾਇ ਦੇਵੇ। ਅਸਮੇਧ ਜਗ ਹੈ ਕਲੂ ਕਾਲਮੇਂ। ਸਾਧਾਰਨ ਪਾਠ ਗ੍ਰੀਬ ਸਿੰਘ ਕੋ ਪਾਂਚ ਰੁਪੈ ਮੇ ਪੈ ਜਾਂਦਾ ਹੈ। ਜਿਸ ਕਾਰਜ ਪਰ ਅਖੰਡ ਪਾਠ ਕਰੀਏ ਤਾਂ ਕਾਰਜ ਸਿਧ ਹੁੰਦਾ ਹੈ। ਇਸ ਕਲ ਕਾਲ

ਮੇ ਬਾਣੀ ਮੇ ਸਤਾ ਹੈ । ਮਾਨੋ ਕਲਪ ਬ੍ਰਿਛ ਹੈ । ਜੈਸੀ ਭਾਉਨੀ ਕਰ ਕੇ ਕੋਈ ਕਰਾਉਂਦਾ ਹੈ । ਸੋ ਭਉਨੀ ਪੂਰੀ ਹੁੰਦੀ ਹੈ । ਏਹ ਤਾਂ ਅਖੰਡ ਪਾਠ ਕੀ ਰੀਤੀ ਹੈ । ਪਰ ਜੇਕਰ ਸਾਧਾਰਨ ਪਾਠ ਭੀ ਕਰਨਾ ਹੋਵੇ । ਪਹਿਲੇ ਮਦਾਨ ਜਾਏ ਦਾਤਣ ਕਰੇ ਇਸ਼ਨਾਨ ਕਰੇ ਪੁਸ਼ਾਕ ਪਾਇਕੇ ਤੇ ਤਾਬਿਆ ਆਵੇ । ਲੇਪਣ ਦੇਵੇ ਝਾੜ ਕੇ ਬਸਤਰ ਬਛਾਵੇ । ਗਰੰਥ ਸਾਹਿਬ ਜੀ ਪ੍ਰਗਾਸੇ । ਫੇਰ ਤੁਕ ਲਵੇ ਫੇਰ ਜਪ ਸਾਹਿਬ ਕੇ ਪਾਂਚ ਪੌੜੇ ਪੜ੍ਹਕੇ । ਸਲੋਕ । ਪਵਣ ਗੁਰੂ ਬਾਣੀ ਪਿਤਾ ਮਾਤਾ ਧਰਤ ਮਹਤ । ਸਲੋਕ ਪੜ੍ਹਕੇ ਫੇਰ ਪਾਠ ਕਰਨ ਲਗੇ । ਸਾਧਾਰਨ ਪਾਠ ਜੇ ਟੋਰਨਾਂ ਹੋਵੇ ਜਾਂ ਗੁੜ ਜਾਂ ਪਤਾਸੇ ਅਗੇ ਧਰ ਕੇ ਅਰਦਾਸਾ ਕਰਕੇ ਪਾਠ ਟੋਰੇ । ਤੁਕ ਅਖਰ ਲਗ ਮਾਤ੍ਰਾ ਰਹਿ ਨਾ ਜਾਵੇ । ਕਿਉਂਕਿ ਪਾਠ ਖੰਡਤ ਹੋਇ ਜਾਂਦਾ ਹੈ । ਘਰ ਵਾਲਾ ਪਾਠੀ ਕੀ ਜਿਤਨਾ ਹੋ ਸਕੇ ਉਤਨੀ ਸੇਵਾ ਕਰੇ । ਫਰਕ ਨਾ ਰਖੇ । ਜਾਂ ਲੜਕਾ ਲੜਕੀ ਜਨਮੇ ਤੇ ਭੋਗ ਪਾਠ ਗਰੰਥ ਸਾਹਿਬ ਕਾ ਧਰੇ । ਤੁਕ ਪੈਹਲੇ ਪਤਰੇ ਕੇ ਪੈਹਲੇ ਸ਼ਬਦ ਕੀ ਪਹਿਲੇ ਪਹਿਰ ਲਵੇ । ਜੇ ਦੁਪੈਹਰ ਵੇਲਾ ਹੋਵੇ ਤਾਂ ਬਚਾਲੇ ਕੇ ਸ਼ਬਦ ਕੋ ਪੜੇ । ਜੇ ਪਿਛਲਾ ਪੈਹਰ ਹੋਵੇ ਤਾਂ ਪਤਰੇ ਕੇ ਪਿਛਲੇ ਪਾਸੇ ਕਾ ਸ਼ਬਦ ਪੜ੍ਹਨਾ । ਜੇ ਸਾਰਾ ਪਾਠ ਹੋਵੇ ਤਾ ਅਛਾ ਹੈ ਕਿਉਂਕਿ ਨਾਲੇ ਨਿਤ ਨੇਮ ਕਾ ਪਾਠ ਜਪ ਸੈਹਬ ਕਾ ਹੁੰਦਾ ਹੈ । ਜਪ ਜਾਪ ਕਾ ਪਾਠ ਪਾਠੀਆਂ ਕੋ ਜ਼ਰੂਰ ਕਿਰਿਆ ਚਾਹੀਏ । ਰਹਿਰਾਸ ਭੀ ਪੜਨੀ ਚਾਹੀਏ । ਜੇ ਕੰਠ ਨਾ ਹੋਵੇ ਤਾਂ ਕਤ ਲਵੇ । ਆਰਤੀ ਸੋਹਿਲਾ ਪੜਕੇ ਬਰਾਜੇ । ਸਵਾ ਪਹਿਰ ਰਾਤ ਸੇ ਉਠਕੇ ਮਦਾਨ ਜਾਇ ਦਾਤਣ ਕਰੇ । ਜੇਕਰ ਆਸਾ ਦੀ ਵਾਰ ਰਾਗੀ ਪੜਦੇ ਹੋਣ ਤਾਂ ਸੁਣੇ । ਰਸਨਾਂ ਕਾ ਭਜਨ ਕਰੇ । ਅਰਦਾਸ ਸੁਣ ਕੇ ਕ੍ਰਿਤ ਨੂੰ ਜਾਵੇ । ਅਗੇ ਜਿਤਨੀ ਕਿਸੇ ਸੇ ਪੁਜ ਆਵੇ ਉਤਨੀ ਗੁਰੂ ਜੀ ਕੇ ਚਰਨਾਂ ਵਿਚ ਸੁਰਤੀ ਰਖੇ ਆਰਤੀ ਸੋਹਿਲੇ ਕੇ ਪੜ੍ਹਨੇ ਕਾ ਅਸਮੇਧ ਜਗ ਕਾ ਮਹਾਤਮ ਹੈ । ਦਸਵੇਂ ਪਾਤਸ਼ਾਹ ਜੀ ਕਾ ਬਚਨ ਹੈ । ਸਵਾ ਪਹਿਰ ਰਾਤ ਕੇ ਸਾਥ ਇਸ਼ਨਾਨ ਕਰੇ ਭਜਨ ਕਰੇ ਬਾਣੀ ਪੜੇ ਸਵਾ ਮਣ ਮੋਤੀ ਦਾਨ ਕੀਤੇ ਕਾ ਮਹਾਤਮ ਹੈ । ਫੇਰ ਸੋਨੇ ਫੇਰ ਰੁਪੈ ਕਾ ਫੇਰ ਦੂਧ ਕਾ ਫੇਰ ਅੰਨ ਕਾ ਫੇਰ ਜਲ ਕਾ । ਦਿਨ ਚੜ੍ਹੇ ਪੁੰਨ ਕੋਈ ਨਹੀਂ ਪਿੰਡਾ ਧੋਇ ਲੈਣਾ ਹੈ ।

ਪਹਿ·ਲੀ ਰਾਤੀ ਫਲੜਾ ਫਲ ਭੀ ਪਿਛਾਰਾਤ, ਜੋ ਜਾਗੰਨ ਲਹੰਨ ਸੇ ਸਾਈਂ ਕੰਨੋਂ ਦਾਤ ॥

ਬਾਰ੍ਹਵੇਂ ਗੁਰੂ ਜੀ ਕਾ ਵੀ ਹੁਕਮ ਸਵਾ ਪਹਿਰ ਰਾਤ ਕਾ 'ਇਸ਼ਨਾਨ ਕਰਨਾ ਹੈ । ਪਾਠੀ ਆਪ ਨਾਮ ਜਪੇ ਤੇ ਅਗੇ ਜਪਾਵੇ । ਵਿਦਿਆ ਪੜ੍ਹਾਵੇ, ਬਾਲਕਾਂ ਕੋ ਬਾਣੀ ਕੰਠ ਕਰਾਵੇ ਜਪ ਜਾਪ ਰਹਿਰਾਸ ਕੀਰਤਨ ਸੋਹਿਲਾ । ਏਤਨੀ ਬਾਣੀ ਜ਼ਰੂਰ ਕੰਠ ਕਰੇ । ਜਦ ਪ੍ਰਾਨੀ ਪੈਦਾ ਹੋਵ ਤਾਂ ਦੂਧ ਚੁੰਘਣ ਤੋਂ ਪਹਿਲਾਂ ਤਤਕਾਲ ਭਜਨ ਦੇ ਦੇਵੇ ਜੇਕਰ ਕੋਈ ਪਾਸ ਨਾ ਹੋਵੇ ਤਾਂ ਮਾਤਾ ਜਾਂ ਪਿਤਾ ਹੀ ਦਸ ਦੇਵੇ । ਤੇਰੀਂ ਦਿਨੀਂ ਅੰਮ੍ਰਿਤ ਛਕਾਵੇ । ਲੜਕੇ ਲੜਕੀ ਕੋ ਤੇ ਲੜਕੇ ਕੀ ਮਾਂ ਕੋ ਤਾ ਲੰਗਰ ਮੇਂ ਜਾਵੇਂ । ਜਿਸ ਦਿਨ ਅਨੰਦ ਹੋਵੇ ਤਾਂ ਲੜਕੀ ਦੋਹਾਂ ਕੇ ਘਰੀ ਗਰੰਥ ਸਾਹਿਬ ਪਰਗਾਸ ਕੇ ਪਾਠ ਪੂਰੇ ਕਰਨੇ । ਅੰਮ੍ਰਿਤ ਵੇਲੇ ਆਸਾ ਕੀ ਵਾਰ ਲਗੇ । ਧੂਪ ਕੀ ਸਮਗਰੀ ਘਿਓ ਮੇਂ ਪਾਵੇਂ । ਇਕ ਨਲਯੇਰ ਹਮਨ ਮੇਂ ਧਰੇ । ਇਸ਼ਨਾਨ ਕਰ ਕੇ ਹਮਨ ਕਰੇ । ਜਪ ਜਾਪ ਅਕਾਲ ਉਸਤਤ ਚੋਪਈ ਦੂਜਾ ਚੰਡੀ ਚਰਿਤ੍ਰ ਚੰਡੀ ਦੀ ਵਾਰ ਤੇ ਉਗ੍ਰਦੰਤੀ । ਅਹੁਤੀ ਹਰ ਪੌੜੀ ਪਾਵੇ । ਜਲ ਕਾ ਛਿਟਾ ਦੇਵੇ । ਅੰਮ੍ਰਿਤ ਵੀ ਤਿਆਰ ਕਰਨਾ ਅੰਮ੍ਰਿਤ ਕੀ ਬਾਣੀ । ਜਪ ਜਾਪ ਚੋਪਈ ਅਨੰਦ ਦੇ ਪੰਜ ਪੌੜੇ ਸਵੈਯੇ ਦਸੇ । ਸਰਾਵਗ ਸੁਧ ਸਮੂਹ ਸਿਧਾਨ ਕੇ ਦੇਖ ਫਿਰਿਓ ਘਰ ਜੋਗ ਜਤੀ ਕੇ । ਪਾਂਚ ਫੇਰੀ ਸਵੈਯੇ ਪੜ੍ਹਨੇ ਪੰਜਾਂ ਸਿੰਘਾਂ ਨੇ । ਲੜਕੇ ਲੜਕੀ ਕੋ ਭਜਨ ਦਸ ਕੇ ਅੰਮ੍ਰਿਤ ਛਕਾਵੇ । ਵੇਦੀ ਗਡਨੀ । ਸਵਾ ਰੁਪਯਾ ਕਪੜੇ ਨਾਲ ਬੰਨ ਕੇ ਪਲਾ ਗੰਢੇ ਲੜਕੇ ਲੜਕੀ ਕਾ । ਲਾਵਾਂ ਗਰੰਥ ਸਾਹਿਬ ਤੋਂ ਪੜ੍ਹੇ ਪਾਠੀ । ਲੜਕੇ ਕੋ ਅਗ ਰਹਿਣਾ ਚਾਹੀਏ । ਕੜਾਹ ਪ੍ਰਸਾਦਿ ਜਾਂ ਤਾਬਿਆ ਆਵੇ ਤਾਂ ਉਠ ਕੇ ਸਾਰੇ ਅਗੋਂ ਖੜੋਇ ਜਾਵਣ ਤਾਂ ਭੋਗ ਪਾਉਣ । ਅਰਦਾਸਾ ਕਰਕੇ ਕੜਾਹ ਪ੍ਰਸਾਦਿ ਬਰਤਾਵੇ । ਪਹਿਲੇ ਨਾਨਕ ਬਾਟਾ ਕਢੇ । ਫੇਰ ਗੁਰ ਦਰਿਆਇ ਦੇ ਕੇ ਫੇਰ ਪੰਜਾਂ ਪਿਆਰਿਆਂ ਨੂੰ ਦੇਵੇ । ਫੇਰ ਲੜਕੇ ਲੜਕੀ ਨੂੰ ਦੇ ਕੇ ਤਾਂ ਗਠ ਖੋਲੇ । ਫੇਰ ਬਰਤਾਵੇ ਸਭ ਕੋ । ਢਾਈ ਰੁਪੈ ਗੰਢ ਕੇ ਢਾਈ ਰੁਪੈ ਅੰਮ੍ਰਿਤ ਕੇ ਏਹੁ ਗੁਰੂ ਕੇ ਹੈਂ । ਰਾਮਦਾਸ ਪੁਰੇ ਸਾਹਿਬ ਭੇਜਣੇ ਚਾਹੀਏ । ਗੁਰੂ ਕੇ ਹੈ ਇਹ ।

ਕੜਾਹ ਪ੍ਰਸਾਦਿ ਕੀ ਤਾਬਿਆ ਲਾਂਗਰੀ ਬੈਠਾ ਰਹੇ ਅਰਦਾਸੇ ਕੇ ਬਖਤ ਨਾਲੇ ਗਰੰਥ ਸਾਹਿਬ ਕੀ ਤਾਬਿਆ ਪਾਠੀ। ਭੋਗ ਪਏ ਤੇ ਬਾਦ ਰਾਗੀ ਅਨੰਦ ਪੜ੍ਹਨ ਤਾਂ ਅਰਦਾਸਾ ਕਰੇ।

ਧੰਨ ਸਚਾ ਪਾਤਸਾਹ ਸਤਿਗੁਰੂ ਰਾਮ ਸਿੰਘ ਜੀ ਹੈ ਜਿਨ੍ਹਾਂ ਨੇ ਹੋਰ ਜਾਤਾਂ ਕੋਲੋਂ ਛੁਡਾਏ ਹੈਂ। ਨਾਈ ਛੀਂਬੇ ਝਿਊਰ ਮਰਾਸੀ ਚਮਾਰ ਚੂੜਾ ਤੇ ਭੇਖ ਜੇਠੇਰਾ ਮਾਤਾ ਰਾਣੀ ਸਭ ਛਡਵਾਕੇ ਗਰੰਥ ਸਾਹਿਬ ਕੀ ਬਾਣੀ ਮਨਵਾਈ ਹੈ। ਜਾਂ ਰਾਗੀ ਜਾਂ ਪਾਠੀ ਦੋ ਕੀ ਪੂਜਾ ਰਹੀ ਹੈ। ਹੋਰ ਦੂਰ ਕੀਤਾ ਹੈ। ਗੁਰੂਆਂ ਸਿਰ ਗੁਰੂ ਸਤਿਗੁਰੂ ਰਾਮ ਸਿੰਘ ਜੀ ਮੁਖਾਰ ਬਿੰਦ ਥੀਂ ਉਚਾਰਿਆ। ਕੁੜੀ ਦੇਣੀ ਗਰੀਬ ਸਿੰਘ ਨੂੰ ਸਿਖੀ ਮੇ ਪੂਰਾ ਹੋਵੇ। ਦਾਜ ਦੇਣਾ ਪੋਥੀ ਪਊਏ ਆਸਣ ਮਾਲਾ ਦਿਟੀ ਉਨਕੀ ਮਾਲਾ ਦੋਹਾਂ ਕੇ ਹਥ ਮੇ ਫੜਾਇ ਦੇਣੀ। ਲੜਕੀ ਮੁਖ ਨਾ ਢਕੇ। ਗਹਿਣਾ ਕੋਈ ਨਾ ਪਾਏ। ਦੀਵਾਨ ਲਗੇ ਤੇ ਭੂਰੀਵਾਲ ਗਰੀਬ ਸਿੰਘ ਕਾ ਲੜਕਾ ਦੇਖ ਕੇ ਅਨੰਦ ਭੜਾਇ ਦੇਵੇ।

ਜੇਕਰ ਪ੍ਰਾਨੀ ਸਰੀਰ ਛਡੇ ਤੇ ਦੋ ਕਛੈਹਰੇ ਤੇ ਦੋ ਪਰਨੇ। ਇਸ਼ਨਾਨ ਕਰਾਇਕੇ ਅਰਦਾਸਾ ਕਰ ਕੇ ਚੁਕੇ। ਸ਼ਬਦ ਅਗੇ ਪੜ੍ਹਦੇ ਜਾਵਣਾ। ਜਾਂ ਅਗਨੀ ਚਿਖਾ ਨੂੰ ਲਗੇ ਤਾਂ ਆਰਤੀ ਸੋਹਿਲਾ ਪੜ੍ਹਕੇ ਅਰਦਾਸਾ ਕਰੇ। ਘਰ ਮੇਂ ਸਵਾ ਰੁਪੈ ਕਾ ਕੜਾਹ ਪਰਸਾਦ ਕਰੇ ਤਿਆਰ। ਇਸ਼ਨਾਨ ਕਰਕੇ ਮੁੜ ਕੇ ਆ ਕੇ ਆਉਂਦਿਆਂ ਹੀ ਵਰਤਾਇ ਦੇਵੇ। ਪਾਠ ਗਰੰਥ ਸਾਹਿਬ ਕਾ ਟੋਰ ਦੇਵੇ। ਪਾਠੀ ਜਦੋਂ ਪਾਠ ਕਰੇ ਸਾਰੇ ਬਹਿ ਕੇ ਘਰ ਦੇ ਸੁਣਨ। ਜਾਂ ਦਸ ਦਿਨ ਹੋਵਨ ਤਾਂ ਭੋਗ ਪਾਇ ਦੇਵੇ : ਜੇ ਵਧ ਘਟ ਦਿਨ ਹੋਇ ਜਾਵਣ ਤਾਂ ਕੋਈ ਡਰ ਨਹੀਂ। ਪੁਸ਼ਾਕ ਭੀ ਪਾਠੀ ਕੋ ਦੇਵੇ। ਰੋਣਾ ਪਿਟਣਾ ਨਾ ਚਾਹੀਏ ਮ੍ਰਿਤੂ ਸਮੇਂ।

ਰੰਗੂਨ ਸੇ ਬਰਨੀ ਕਰਨੀ ਭੀ ਲਿਖ ਭੇਜੀ ਸੀ। ਜਪ ਸਾਹਿਬ ਕਾ ਅਕੋਤਰ ਸੌ ਭੋਗ ਪੌਣਾਂ। ਜਿਸ ਕਾਰਜ ਪਰ ਕਰੀਏ ਬਰਨੀ ਸੋਈ ਕਾਰਜ ਪੂਰਾ ਹੁੰਦਾ ਹੈ। ਪੁਸਤਕਾਂ ਉਤੋਂ ਪਾਠ ਕਰਨਾ ਸਿੰਘਾਂ ਨੇ। ਸਵਾ ਰੁਪਯੇ ਕਾ ਕੜਾਹ ਪ੍ਰਸਾਦ ਕਰਕੇ। ਧੂਪ ਧੁਖਦੀ ਰਹੇ। ਘਿਓ ਕਾ ਇਕ ਦੀਵਾ ਬਾਲ ਕੇ ਧਰੇ ਕੋਲ। ਕੁੰਭ ਕੋਰੇ ਬਰਤਨ ਮੇਂ। ਜਾਂ ਗੜਵੇ ਮੇਂ ਜਲ ਧਰੇ। ਕੁੰਭ ਕੇ ਹੇਠਾਂ ਕਣਕ ਕੇ ਦਾਣੇ ਧਰਨੇ। ਇਸ਼ਨਾਨ ਕਰਕੇ ਸਿੰਘ ਬੈਠਣ ਸੁਚੇ ਬਸਤਰ ਹੋਵਣ। ਮਦਾਨ ਵਾਲਾ ਕਪੜਾ ਧੋਇ ਲਵੇ। ਬਿਚ ਨਾ ਲੇ ਕੇ ਬੈਠੇ। ਜਾਂ ਜਪ ਸਾਹਿਬ ਕਾ ਇਕੋਤਰ ਸੌ ਪਾਠ ਪੂਰਾ ਹੋਵੇ ਕੜਾਹ ਪ੍ਰਸਾਦ ਤਾਕਿਆ ਧਰਕੇ ਅਰਦਾਸਾ ਕਰੇ। ਕੜਾਹ ਪਰਸ਼ਾਦ ਬਰਨੀ ਕਰਨ ਬਾਲਿਆਂ ਨੂੰ ਪਰਸੰਨ ਕਰਕੇ ਛਕਾਏ ਦੇਵੇ। ਜੇ ਕੋਈ ਕਾਰਜ ਹੋਵੇ ਤਾਂ ਪੂਰਾ ਹੁੰਦਾ ਹੈ। ਜੈਸੇ ਇਕ ਭੋਗ ਗਰੰਥ ਸਾਹਿਬ ਕਾ ਪਾਇ ਦੀਆ ਤੈਸੇ ਹੀ ਬਰਨੀ ਉਸ ਕੇ ਬਰਾਬਰ ਹੈ। ਬਰਨੀ ਜਪ ਸਾਹਿਬ ਕੀ ਦਸਾਂ ਪੜ੍ਹਿਆ ਹੋਇਆਂ ਬਿਨਾਂ ਨਹੀਂ ਹੋ ਸਕਦੀ ਹੈ। ਚੌਪਈ ਕੀ ਵਰਨੀ ਭੀ ਇਸੇ ਤਰ੍ਹਾਂ ਹੈ।

ਮਹਾਰਾਜ ਜੀ ਪਾਸ ਅਰਜ ਕੀਤੀ। ਜੀ ਬਰਨੀ ਪੜ੍ਹਿਆਂ ਸਿੰਘਾਂ ਤੋਂ ਬਿਨਾਂ ਅਟਕ ਜਾਂਦੀ ਹੈ। ਮਹਾਰਾਜ ਹਰੀ ਸਿੰਘ ਜੀ ਬਚਨ ਕੀਤਾ ਪਚੀ ਮਾਲਾ ਪਕੀਆਂ ਫੇਰਨ ਭਜਨ ਕੀਆ ਤਾਂ ਬਰਨੀ ਕਾਰਜ ਪੂਰਾ ਹੋਵੇਗਾ। ਪੜ੍ਹਿਆ ਅਣਪੜ੍ਹਿਆ ਬਹਿ ਜਾਂਦਾ ਹੈ। ਬਰਨੀ ਕਰ ਲੈਂਦੇ ਹੈਂ, ਮਾਲਾ ਫੇਰਨੀਆਂ ਗਿਣਤੀਆਂ ਕੀਆਂ। ਜਾਂ ਪਚੀ ਮਾਲਾ ਪੂਰੀਆਂ ਹੋਵਣ ਤਾਂ ਕੜਾਹ ਪ੍ਰਸਾਦ ਧਰ ਕੇ ਅਰਦਾਸਾ ਕਰੇ। ਸੰਗਤ ਮੇ ਦੋਨੋਂ ਤਰ੍ਹਾਂ ਕੀਆਂ ਬਰਨੀਆਂ ਕਰਦੇ ਹੈਂ। ਪਰ ਮਾਲਾ ਕੀ ਬਰਨੀ ਸੌਖੀ ਹੈ। ਸਭੀ ਸਿੰਘ ਹੁਣ ਮਾਲਾ ਕੀ ਬਰਨੀ ਕਰ ਲੈਂਦੇ ਹੈ। ਹੁਣ ਬਾਰਵਾਂ ਜਾਮਾਂ ਪਹਿਰ ਕੈ ਸਤਿਜੁਗ ਕੀ ਰੀਤੀ ਸੰਗਤ ਮੇ ਪ੍ਰਗਟ ਕੀਤੀ ਹੈ। ਸੁਧ ਪਾਠ ਕਰਨੇ ਕਾ ਬਡਾ ਮਹਾਤਮ ਹੈ। ਲੰਗਰ ਕੀ ਤੇ ਅਖੰਡ ਪਾਠ ਕੀ ਤੇ ਵਰਨੀ ਕੀ ਇਕੋ ਧਾਰਨਾਂ ਹੈ। ਪ੍ਰਥਮੇ ਜੋ ਪਾਂਚ ਕੱਕੇ ਕੀ ਰੀਤ ਨਾ ਰਖੇ ਓਸ ਨੂੰ ਨਾ ਲਾਵੇ ਬਿਚ। ਨਾਲੇ ਸੋਧ ਰਖੇ। ਤਾਂ ਤਿੰਨੀ ਜਗਾ ਵਿਚ ਬੈਠੇ ਨਹੀਂ ਤੇ ਨਾਂ ਬੈਠੇ। ਇਹ ਓਹ ਸੰਗਤ ਹੈ। ਮੁਖਵਾਕ ਇਕ ਉਤਮ ਪੰਥ ਸੁਣਿਓ ਗੁਰ ਸੰਗਤ ਤਿਹ ਮਿਲੰਤ ਜਮ ਤ੍ਰਾਸ ਮਿਟਾਈ। ਸ੍ਰੀ ਸਤਿਗੁਰੂ ਬਾਰਵੇਂ ਜੀ ਸੰਤ ਖਾਲਸਾ ਸਾਜਿਆ ਹੈ। ਜੈਸੇ ਬਾਰਵੇਂ ਗੁਰੂ ਜੀ ਪਰਗਟ ਹੋਏ ਤਿਸੀ ਤਰ੍ਹਾਂ

ਅਖੰਡ ਪਾਠ ਤੇ ਵਰਨੀ ਕੀ ਜੁਗਤ ਪ੍ਰਗਟ ਕੀਤੀ। ਏਹ ਭੀ ਹੁਕਮ ਨਾਮੇ ਵਿਚ ਲਿਖਿਆ ਸੀ ਕਿ ਭਗੌਤੀ ਕਾ ਪਾਠ ਕਰਨਾਂ। ਅਕੋਤਰ ਸੌ। ਇਸ਼ਨਾਨ ਕਰਕੇ ਕਰੇ ਬਡਾ ਮਹਾਤਮ ਹੈ। ਕਈ ਭਗੌਤੀ ਕੀ ਮਾਲਾ ਫੇਰ ਲੈਂਦੇ ਹੈਂ। ਭਗੌਤੀ ਏਹ ਹੈ। ੧ਓ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥ ਸ੍ਰੀ ਭਗਉਤੀ ਜੀ ਸਹਾਇ ਪਾਤਸ਼ਾਹੀ ੧੨ ॥ ਪ੍ਰਿਥਮ ਭਗੌਤੀ ਸਿਮਰ ਕੇ ਗੁਰੂ ਨਾਨਕ ਲਈ ਧਿਆਇ। ਫਿਰ ਅੰਗਦ ਗੁਰੂ ਤੇ ਅਮਰ ਦਾਸ ਰਾਮਦਾਸੈ ਹੋਈ ਸਹਾਇ। ਅਰਜਨ ਹਰਿ ਗੋਬਿੰਦ ਨੂੰ ਸਿਮਰੋ ਸਿਰੀ ਹਰਿ ਰਾਇ। ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ। ਗੁਰੂ ਤੇਗ ਬਹਾਦਰ ਸਿਮਰੀਐ ਘਰ ਨੌ ਨਿਧ ਆਵੈ ਧਾਇ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਸਭ ਥਾਈਂ ਹੋਇ ਸਹਾਇ। ਗੁਰੂ ਬਾਲਕ ਸਿੰਘ ਜੀ ਸਿਮਰੀਐ ਜਿਸ ਮਾਰਗ ਦੀਆ ਬਤਾਇ। ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਿਮਰੀਐ ਜਿਨ ਜੰਮ ਤੋਂ ਲੀਆ ਛੁਡਾਇ। ਜੋਤਕਾ ਜਾਮਾਂ ਸਤਿਗੁਰੂ ਹਰੀ ਸਿੰਘ ਜੀ ਸਿਮਰੀਐ ਜਿਨ ਟੁਟੀ ਲਈ ਮਿਲਾਇ। (ਧੰਨ ਧੰਨ ਸਤਿਗੁਰੂ ਪ੍ਰਤਾਪ ਸਿੰਘ ਜੀ ਵੱਡੇ ਪ੍ਰਤਾਪ ਵਾਲੇ ਜਿਨ੍ਹਾਂ ਨਾਮ ਬਾਣੀ ਤੇ ਸੁੱਚ ਸੋਧ ਦਾ ਪ੍ਰਵਾਹ ਦਿਤਾ ਚਲਾਇ ॥ ਹਾਜ਼ਰਾ ਹਜ਼ੂਰ ਸਤਿਗੁਰੂ ਜਗਜੀਤ ਸਿੰਘ ਜੀ ਸਭ ਥਾਈਂ ਹੋਇ ਸਹਾਇ ॥) ਏਹ ਭੀ ਲਿਖਾ ਸੀ ਕਿ ਸੂਰਜ ਚੜਨ ਤੋਂ ਪੈਹਲੇ ਪੈਹਲੇ ਚੰਡੀ ਦੀ ਬਾਰ ਦਾ ਪਾਠ ਤੋਰਨਾਂ। ਸੂਰਜ ਦੀ ਟਿਕੀ ਤੇ ਭੋਗ ਪੈ ਜਾਵੇ। ਇਸਨਾਨ ਕਰ ਕੇ ਵਡਾ ਮਹਾਤਮ ਲਿਖਾ ਹੈ। ਫੇਰ ਨਾ ਜੂਨੀ ਆਇਆ ਜਿਨਿ ਇਹ ਗਾਇਆ ਕਈ ਸਿੰਘ ਨਿਤਨੇਮ ਨਾਲ ਪਾਏ ਸੂਰਜ ਕੀਆਂ ਰਿਸ਼ਮਾਂ ਨਾਲ ਕਰਦੇ ਹੈ।

ਪ੍ਰਿਥਮੇ ਮਾਤਾ ਕੇ ਗਰਭ ਮੇ ਔਂਦਾ ਤਾਂ ਉਥੇ ਬੇਨਤੀ ਕਰਦਾ ਹੈ ਹੇ ਪਰਮੇਸ਼ਰ ਮੈਨੂੰ ਏਥੋਂ ਕਢ। ਅਵਾਜ਼ਾ ਔਂਦਾ ਹੈ ਤੈਨੂੰ ਮੈਂ ਕਈ ਵੇਰੀ ਭੇਜਿਆ ਹੈ ਤੂੰ ਮੇਰਾ ਨਾਮ ਨਹੀਂ ਜਪਦਾ ਹੈਂ। ਨਾਦਾਨ ਕਰਦਾ ਹੈ। ਤੇਰਾ ਬਸਾਹੁ ਨਹੀਂ ਹੈ। ਕੋਈ ਜਾਮਨ ਦੇਹ ਜੋ ਜਾਇਕੇ ਮਾਤ ਲੋਕ ਵਿਚ ਭਜਨ ਕਰਾਂਗਾ। ਓਥੇ ਕੋਈ ਨਹੀਂ ਜਾਮਨ ਹੁੰਦਾ ਤਾਂ ਗੁਰ ਦਰਿਆਇ ਜਾਮਨ ਹੁੰਦਾ ਹੈ ਕਿ ਜਿਸ ਵਕਤ ਮੇਰੇ ਨਾਲ ਇਸ਼ਨਾਨ ਕਰੇਗਾ ਮੈਂ ਨਾਮ ਜਪਾਇ ਦੇਊਂਗਾ। ਸੋ ਨਾਮ ਦਾਨ ਇਸ਼ਨਾਨ ਤਿੰਨੇ ਗੱਲਾਂ ਏਸ ਬੰਦੇ ਕੇ ਸਿਰ ਪਰ ਫਰਜ ਹੈ। ਦਸਮਾ ਹਿਸਾ ਕਮਾਈ ਵਿਚੋਂ ਦੇਣਾ ਕਰਕੇ ਔਂਦਾ ਹੈ। ਜਾਂ ਪੌਣ ਲਗਦੀ ਹੈ ਤਾਂ ਤਿੰਨੇ ਗੱਲਾਂ ਬਿਸਰ ਜਾਂਦੀਆਂ ਹੈਂ। ਸੋ ਬਿਸਰੀਆਂ ਹੋਈਆਂ ਤਿੰਨੇ ਗਲਾਂ ਸ੍ਰੀ ਸਤਿਗੁਰੂ ਜੀ ਸੰਗਤ ਕੋ ਜਣਾਈਆਂ ਹੈ। ਸੋ ਸੰਗਤ ਕਰਨੇ ਲਗੀ ਹੈ ਏਹ ਭੀ ਗਲ ਗੁਪਤ ਸੀ ਪ੍ਰਗਟ ਕੀਤੀ ਹੈ। ਸਤਿਗੁਰੂ ਜੀ ਦੀ ਦਸੀ ਮਰਯਾਦਾ ਅਨੁਸਾਰ 1932 ਸਾਲ ਮੇ ਇਕੱਤਰ ਸੌ ਅਖੰਡ ਪਾਠ ਕੀਤੇ ਰਾਮਦਾਸਪੁਰੇ ਫਿਰ 1933 ਵਿਚ ਵੀ ਕੀਤੇ ਪਾਠ ਇਕੱਤਰ ਸੋ।

ਸਭ ਤੋਂ ਪਹਿਲੇ ਅਖੰਡ ਪਾਠ

ਸ੍ਰੀ ਮਹਾਰਾਜ ਬੀਰ ਸਿੰਘ ਜੀ

ਸ੍ਰਿਸ਼ਟੀ ਵਿਚ ਸੰਤ, ਗੁਰੂ, ਮਹਾਤਮਾ, ਅਵਤਾਰ ਸਮੇਂ ਸਿਰ, ਸਮੇਂ ਦੀ ਇੱਛਾ ਅਨੁਸਾਰ ਨਵੀਂ ਮਰਯਾਦਾ ਚਾਲੂ ਕਰਦੇ ਰਹੇ ਹਨ। ਜਾਂ ਚਲਦੀ ਆ ਰਹੀ ਮਰਯਾਦਾ ਵਿਚ ਕੁਝ ਵਾਧਾ ਘਾਟਾ ਵੀ ਕਰਦੇ ਰਹੇ ਹਨ। ਸਿੱਖ ਇਤਿਹਾਸ ਵਾਚਣ ਤੋਂ ਪਤਾ ਲਗਦਾ ਹੈ ਕਿ ਸਿੱਖ ਗੁਰੂਆਂ ਨੇ ਆਪਣੇ ਤੋਂ ਪਹਿਲੇ ਗੁਰੂਆਂ ਦਾ ਵਡਾ ਅਦਬ ਰਖਦਿਆਂ ਹੋਇਆਂ ਸਮੇਂ ਦੀ ਇੱਛਾ ਅਨੁਸਾਰ ਕਈ ਪਰੀਵਰਤਨ ਕੀਤੇ। ਇਹ ਵੀ ਪਤਾ ਲਗਦਾ ਹੈ ਕਿ ਐਸੇ ਪਰੀਵਰਤਨ ਕਰਨ ਸਮੇਂ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਵਿਰੋਧਾਂ ਦਾ ਸਾਹਮਣਾ ਕਰਨਾ ਪਿਆ ਪਰ ਉਹ ਆਪਣਾ ਦ੍ਰਿੜ ਇਰਾਦਾ ਰਖਣ ਵਾਲੇ ਸਨ। ਇਸ ਕਰਕੇ ਕਿਸੇ ਕਿਸਮ ਦੇ ਵਿਰੋਧ ਦੀ ਕੋਈ ਪਰਵਾਹ ਨਾ ਕਰਦਿਆਂ ਉਹਨਾਂ ਨਵੀਂ ਮਰਯਾਦਾ ਸਥਾਪਤ ਕੀਤੀ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਸ਼ਸਤਰਾਂ ਦੀ ਵਰਤੋਂ ਨਹੀਂ ਕੀਤੀ ਗਈ। ਪਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਸ਼ਸਤਰ ਧਾਰਨ ਕੀਤੇ ਜਿਸ ਤੋਂ ਕਈ ਸ਼ਰਧਾਲੂਆਂ ਦੇ ਮਨ ਵੀ ਡੋਲੇ।

ਇਸ ਦਾ ਭਾਵ ਇਹ ਨਹੀਂ ਕਿ ਪਿਛਲੇ ਗੁਰੂ ਸ਼ਸਤਰ ਧਾਰਨ ਕਰਨ ਦੇ ਯੋਗ ਨਹੀਂ ਸਨ। ਨਾ ਹੀ ਇਹ ਕਿ ਗੁਰੂ ਹਰਗੋਬਿੰਦ ਜੀ ਨੇ ਸ਼ਸਤਰ ਧਾਰਨ ਕਰਨ ਦੀ ਵੀ ਅਵਗਿਆ ਕੀਤੀ ਸੀ। ਗੁਰਬਾਣੀ ਅਤੇ ਸਿੱਖ ਇਤਿਹਾਸ ਵਾਚਣ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਦਾ ਸਤਿਗੁਰੂ ਸਰਬਗਯ ਹੈ। ਉਨ੍ਹਾਂ ਨੂੰ ਸੰਪੂਰਨ ਅਧਿਕਾਰ ਹਨ। ਉਹ ਨਵੀਂ ਮਰਯਾਦਾ ਸਥਾਪਿਤ ਕਰ ਸਕਦੇ ਹਨ। ਇਸ ਕਰਕੇ ਗੁਰੂ ਹਰਗੋਬਿੰਦ ਸਾਹਿਬ ਨੇ ਸ਼ਸਤਰਾਂ ਦੀ ਵਰਤੋਂ ਜਿਨ੍ਹਾਂ ਕੰਮਾਂ ਲਈ ਕੀਤੀ ਉਹ ਯੋਗ ਹੀ ਸੀ।

ਸਤਵੀਂ, ਅਠਵੀਂ, ਨੌਵੀਂ ਪਾਤਸ਼ਾਹੀ ਨੇ ਸ਼ਸਤਰ ਧਾਰਨ ਨਹੀਂ ਕੀਤੇ ਪਰ ਦਸਮੇਸ਼ ਜੀ ਨੇ ਬਚਪਨ ਤੋਂ ਹੀ ਸ਼ਸਤਰ ਵਿਦਿਆ ਨੂੰ ਅਪਣਾਇਆ ਅਤੇ ਗੁਰੂ ਗਦੀ ਤੇ ਬੈਠਣ ਉਪਰੰਤ ਉਨ੍ਹਾਂ ਨੇ ਇਸ ਦੀ ਖੂਬ ਵਰਤੋਂ ਕੀਤੀ ਜੇਹੜੀ ਕਿ ਉਸ ਵੇਲੇ ਅਤਿ ਲੋੜੀਂਦੀ ਸੀ ਇਸ ਤੋਂ ਇਲਾਵਾ ਉਨ੍ਹਾਂ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ, ਅੰਮ੍ਰਿਤ ਤਿਆਰ ਕੀਤਾ ਆਦਿ । ਉਸ ਵੇਲੇ ਵੀ ਕਈਆਂ ਨੇ ਵਿਰੋਧਤਾ ਕੀਤੀ। ਪਰ ਦਸਮੇਸ਼ ਜੀ ਨੇ ਜੋ ਮਰਯਾਦਾ ਉਸ ਵੇਲੇ ਨਵੀਆਂ ਸਥਾਪਿਤ ਕੀਤੀਆਂ, ਉਨ੍ਹਾਂ ਦੀ ਉਸ ਵੇਲੇ ਕਿੰਨੀ ਭਾਰੀ ਲੋੜ ਸੀ, ਇਹ ਇਤਿਹਾਸ ਵਾਚਣ ਤੋਂ ਪਤਾ ਲਗਦਾ ਹੈ।

ਇਸ ਤੋਂ ਉਪ੍ਰੰਤ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਆਪਣਾ ਸਮਾਂ ਕ੍ਰੀਬਨ ਗੁਪਤ ਰੂਪ ਵਿਚ ਲੰਘਾਇਆ। ਫੇਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਵੇਂ ਸਿਰੇ ਨਾਮਧਾਰੀ ਪੰਥ ਦੀ ਸਾਜਨਾ ਕੀਤੀ। ਆਮ ਲੋਕਾਂ ਵਿਚੋਂ ਬਹੁਤ ਕੁਰੀਤੀਆਂ ਅਤੇ ਬੁਰਿਆਈਆਂ ਦੂਰ ਕੀਤੀਆਂ। ਉਸ ਵੇਲੇ ਦੀ ਹਕੂਮਤ ਅਤੇ ਉਸ ਦੇ ਹਥ-ਠੋਕਿਆਂ ਨੇ ਪੂਰਾ ਵਿਰੋਧ ਕੀਤਾ। ਨਤੀਜੇ ਵਜੋਂ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਗਿਆ। ਕਈ ਫਾਂਸੀ ਦਿਤੇ ਗਏ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪ੍ਰਦੇਸ ਜਾਣਾ ਪਿਆ। ਇਹ ਸਮਾਂ ਨਾਮਧਾਰੀ ਪੰਥ ਲਈ ਇਤਨਾ ਕਠਨ ਅਤੇ ਭਿਆਨਕ ਸੀ, ਜਿਸ ਦਾ ਵਰਨਣ ਕੀਤਾ ਜਾਏ ਤਦ ਇਕ ਗਰੰਥ ਬਣ ਸਕਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਜਾਣ ਤੋਂ ਬਾਦ ਨਾਮਧਾਰੀ ਪੰਥ ਦੀ ਵਾਗ ਡੋਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸੰਭਾਲੀ।

ਆਪ ਨੇ (ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ) ਲੰਗਰ ਦੀ ਮਰਯਾਦਾ ਨੂੰ ਕਾਇਮ ਰਖਦਿਆਂ ਹੋਇਆਂ ਕਿੰਨ੍ਹਾਂ ਮੁਸ਼ਕਲਾਂ ਵਿਚ ਲੰਗਰ ਚਾਲੂ ਰਖਿਆ, ਇਤਿਹਾਸ ਨੂੰ ਵਾਹਣ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਸਰਬਗਯ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ 1928 ਬਿ: ਵਿਚ ਪ੍ਰਦੇਸ ਗਏ। 3 ਸਾਲ ਤਕ ਕੁਝ ਪਤਾ ਨਾ ਲਗਾ। ਤੀਸਰੇ ਸਾਲ ਬਾਬੇ ਦਰਬਾਰਾ ਸਿੰਘ ਨੂੰ ਭੇਜਿਆ। ਉਸ ਨੇ ਆ ਕੇ ਖ਼ਬਰ ਦਸੀ ਤਦ ਪਤਾ ਲਗਾ ਕਿ ਸ੍ਰੀ ਸਤਿਗੁਰੂ ਜੀ ਰੰਗੂਨ ਹਨ। ਇਹ ਸੁਣਕੇ ਸਭ ਸੰਗਤ ਦੇ ਮਨ ਨੂੰ ਭਾਰੀ ਖੁਸ਼ੀ ਹੋਈ। ਕਈ ਹੋਰ ਸਿੰਘ ਵੀ ਦਰਸ਼ਨਾਂ ਨੂੰ ਗਏ।

ਉਸ ਵੇਲੇ ਹਰ ਨਾਮਧਾਰੀ ਦੇ ਮਨ ਵਿਚ ਇਹ ਲਾਲਸਾ ਸੀ ਕਿ ਕਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣ। ਇਸ ਸਬੰਧ ਵਿਚ ਕਈ ਬਹੁਤ ਵਡੀਆਂ ਘਾਲਣਾ ਘਾਲੀਆਂ। ਦਰਸ਼ਨ ਕਰਨ ਦੇ ਨਿਸ਼ਾਨੇ ਨੂੰ ਸਾਹਮਣੇ ਰਖਦਿਆਂ ਹੋਇਆਂ ਘਰ ਬਾਹਰ ਉਜੜ ਜਾਣ ਦੀ ਜਾਂ ਹੋਰ ਵਡੇ ਤੋਂ ਵਡੇ ਨੁਕਸਾਨ ਦੀ ਕੋਈ ਪਰਵਾਹ ਨਾ ਕੀਤੀ।

ਗਰੰਥ ਸਾਹਿਬ ਦੀ ਬੀੜ ਗੁਰੂ ਅਰਜਨ ਦੇਵ ਜੀ ਨੇ ਬੰਨ੍ਹੀ, ਨੌਵੀਂ ਪਾਤਸ਼ਾਹੀ ਦੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੇ ਵਕਤ ਚੜ੍ਹਾਈ ਗਈ। ਗਰਬਾਣੀ ਦਾ ਅਦਬ ਤਾਂ ਗੁਰੂ ਅਰਜਨ ਦੇਵ ਜੀ ਆਪ ਕਟਕੇ ਦਸ ਹੀ ਗਏ ਸਨ। ਪਰ ਪਾਠ ਕਰਨੇ, ਭੋਗ ਪੁਆਣੇ ਇਹ ਰੀਤੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਤੋਂ ਪਹਿਲਾਂ ਕਦੇ ਹੋਈ ਹੋਵੇ, ਇਸ ਦਾ ਇਤਿਹਾਸ ਵਿਚੋਂ ਕੁਛ ਪਤਾ ਨਹੀਂ ਲਗਦਾ। ਕਿਸੇ ਅਤਿ ਜ਼ਰੂਰੀ ਕਾਰਜ ਵਾਸਤੇ ਗਰੰਥ ਸਾਹਿਬ ਜੀ ਦੇ ਪਾਠ ਕੀਤੇ ਗਏ ਹੋਣ ਜਾਂ ਕਿਸੇ ਕਾਰਜ ਨੂੰ ਸਿਰੇ ਚੜ੍ਹੌਣ ਲਈ ਗਰੰਥ ਸਾਹਿਬ ਜੀ ਦੇ ਪਾਠ ਦੀ ਇਤਨੀ ਮਹ ਨਤਾ ਹੈ ਇਹ ੧੨ਵੀਂ ਪਾਤਸ਼ਾਹੀ ਦੇ ਵਕਤ ਤੋਂ ਪਹਿਲੇ ਕਿਸੇ ਗੁਰੂ ਸਾਹਿਬ ਨੇ ਕਿਸੇ ਨੂੰ ਦਸਿਆ ਹੋਵੇ, ਇਹ ਕਿਤੋਂ ਨਹੀਂ ਮਿਲਦਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੋਂ ਬਾਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਨਾਮਧਾਰੀ ਪੰਥ ਵਾਸਤੇ

ਸਭ ਤੋਂ ਵਡਾ ਕਾਰਜ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਸੀ। ਸੰਤ ਸੰਤੋਖ ਸਿੰਘ ਜੀ ਦੇ ਲਿਖੇ ਅਣਛਪੇ ਪੁਸਤਕ 'ਸ੍ਰੀ ਸਤਿਗੁਰੂ ਬਿਲਾਸ' ਤੋਂ ਪਤਾ ਲਗਦਾ ਹੈ ਕਿ ਸਭ ਤੋਂ ਪਹਿਲਾਂ ਪੰਜ ਅਖੰਡ ਪਾਠ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ 1931 ਬਿ: ਵਿਚ ਦਰਸ਼ਨ ਨਮਿਤ ਕਰਵਾਏ। ਏਨ੍ਹਾਂ ਪਹਿਲੇ ਅਖੰਡ ਪਾਠਾਂ ਦੀ ਮਰਯਾਦਾ ਇਹ ਸੀ ਕਿ ਧੂਪੀਆ ਮਾਲਾ ਫੇਰਦਾ ਸੀ ਅਤੇ ਅਖੰਡ ਪਾਠ ਲਈ ਰੋਸ਼ਨੀ ਦਾ ਕੰਮ ਸਰ੍ਹੋਂ ਦੇ ਤੇਲ ਦੇ ਦੀਵੇ ਤੋਂ ਲਿਆ ਜਾਂਦਾ ਸੀ। ਇਹ ਧੂਪੀਏ ਦੇ ਜ਼ਿਮੇ ਧੂਪ ਪੌਣੀ ਅਤੇ ਜੋਤ ਜੋ ਘਿਉ ਦਾ ਦੀਵਾ ਨਿਰੰਤਰ ਜਗਦਾ ਰਹਿੰਦਾ ਹੈ) ਦਾ ਖਿਆਲ ਰਖਣਾ ਸੀ। ਇਸ ਤੋਂ ਇਲਾਵਾ ਇਕ ਸਿੰਘ ਪਹਿਰੇ ਤੇ ਸੀ। ਇਕ ਪਾਠੀ ਦੂਸਰੇ ਨੂੰ ਤੁਕ ਦੇ ਕੇ ਹੀ ਉਠਦਾ ਸੀ। ਪਾਠੀ ਧੂਪੀਏ ਸਭ ਇਸ਼ਨਾਨ ਕਰ ਕੇ ਹੀ ਬੈਠਦੇ ਸਨ।

ਇਹ ਮਰਯਾਦਾ ਸ੍ਰੀ ਸਤਿਗੁਰੂ ਜੀ ਪਾਸ ਰੰਗੂਨ ਲਿਖ ਕੇ ਭੇਜੀ ਗਈ। ਉਥੋਂ ਸ੍ਰੀ ਸਤਿਗੁਰੂ ਜੀ ਨੇ ਸਥੋਗ ਸਿੰਘ ਮਰ੍ਹਾਣੇ ਵਾਲੇ ਹਥੀਂ ਅਖੰਡ ਪਾਠ ਦੀ ਵਿਧੀ ਜੋ ਲਿਖ ਕੇ ਭੇਜੀ ਉਹਦਾ ਸੰਖੇਪ ਵਰਨਣ ਇਉਂ ਹੈ:

ਬੀੜ ਲਿਖਤ ਦੀ ਹੋਵੇ, ਜਿਲਦ ਨੂੰ ਚਮੜਾ ਨਾ ਲਗਾ ਹੋਇਆ ਹੋਵੇ। ਪਾਠੀ ਸਿੰਘ ਪਾਠ ਸੁਣਾਇਕੇ ਕਰਨ। ਜਿਥੇ ਪਾਠ ਹੋਵੇ ਉਥੇ ਬੈਠ ਕੇ ਕੋਈ ਗੱਲਾਂ ਨਾ ਕਰਨ। ਪਾਠੀਆਂ ਦੀ ਗਿਣਤੀ 14 ਹੋਵੇ ਨਹੀਂ ਤਾਂ 12 ਜ਼ਰੂਰ ਹੋਣ। ਇਸ ਵਿਚ ਧੂਪੀਏ ਪਾਹਰੂ ਤੇ ਲਾਂਗਰੀ ਵੀ ਸ਼ਾਮਲ ਹਨ। ਪਾਠੀ ਧੂਪੀਏ ਅਤੇ ਲਾਂਗਰੀ ਅਤੇ ਪਹਿਰੂ ਵਿਚ ਕੋਈ ਅਨਦਾਤੀਆ ਨਾ ਹੋਵੇ। ਪਾਠੀ ਅਰਦਾਸਾ ਕਰਕੇ ਪਾਠ ਵਿਚ ਲਗੇ। ਪਾਠ ਕਰ ਰਹੇ ਪਾਠੀ ਪਾਸੋਂ ਤੁਕ ਲੈ ਕੇ ਤਦ ਪਾਠ ਕਰਨ ਲਗੇ। ਉਠਣ ਵਾਲਾ ਪਾਠੀ ਵੀ ਅਰਦਾਸਾ ਕਰਕੇ ਫਰ ਕਿਸੇ ਨਾਲ ਬਚਨ ਕਰੇ। ਇਸੇ ਤਰ੍ਹਾਂ ਧੂਪੀਏ ਦੀ ਮਰਯਾਦਾ ਹੈ।

ਗ੍ਰੰਥ ਸਾਹਿਬ ਜੀ ਦੇ ਰਮਾਲੇ ਧੋ ਕੇ ਸੋਧ ਕਰ ਕੇ ਫੇਰ ਪਾਠ ਤੋਰਿਆ ਜਾਵੇ। ਪਾਠੀ ਸਿੰਘ ਆਪਣੇ ਬਸਤਰ ਵੀ ਸੋਧ ਦੇ ਕਰਨ। ਅਖੰਡ ਪਾਠ ਤੋਰਨ ਤੋਂ ਪਹਿਲਾਂ ਕੋਰੇ ਘੜੇ ਵਿਚ ਜਲ ਪਾਕੇ ਇਕ ਖਦਰ ਦੀ ਰੁਮਾਲੀ ਧੋ ਕੇ ਅਤੇ ਨਾਲਯੇਰ ਉਸ ਉਪਰ ਰਖਣਾ। ਘੜੇ ਹੇਠ ਕਣਕ ਦੇ ਦਾਣੇ ਰਖਣੇ। ਫੇਰ ਅਰਦਾਸ ਕਰਕੇ ਪਾਠ ਤੋਰਨਾ। ਜਦ ਅਰਦਾਸ ਅਰਦਾਸੀਆ ਸਿੰਘ ਕਰੇ ਕਿ ਨਮਿਤ ਪਾਠ ਤੋਰਿਆ ਹੈ ਤਦ ਉਸੇ ਵੇਲੇ ਪਾਠੀ ਅਤੇ ਧੂਪੀਆ ਆਪਣੀ ਜਗ੍ਹਾ ਪਾਠ ਕਰਨਾ ਆਰੰਭ ਦੇਣ। ਧੂਪੀਆ ਜਪੁ ਸਾਹਿਬ ਦਾ ਪਾਠ ਕਰੇ।

ਇਕ ਗਿਠ ਭਰ ਲੰਬੀ ਬੇਰੀ ਜਾਂ ਪਲਾਹ ਦੀ ਲਕੜ ਥਾਲੀ ਜਗਾ ਕੇ ਧਰੀ ਹੋਵੇ। ਧੂਪੀਆ ਸਿੰਘ ਜਪੁ ਸਾਹਿਬ ਦੀ ਹਰ ਪੌੜੀ ਪੂਰੀ ਹੋਣ ਤੇ ਇਸ ਤੇ ਘਿਉ ਦੀ ਅਹੁਤੀ ਪਾਵੇ। ਅਹੁਤੀ ਪਾਉਣ ਵੇਲੇ ਭਜਨ ਦਾ ਨਾਮ ਲਵੇ। ਇਸ ਤੋਂ ਇਲਾਵਾ ਇਕ ਦੀਵਾ ਘਿਉ ਦਾ ਜਗਾ ਕੇ ਰਖਿਆ ਜਾਵੇ ਧੂਪੀਆ ਪੂਰੀ ਖਬਰਦਾਰੀ ਰਖੇ ਦੀਵਾ ਕਿਸੇ ਹਾਲਤ ਵਿਚ ਬੁਝਣ ਨਾ ਦੇਵੇ ਅਤੇ ਪਾਸ ਕੋਲੇ ਜਗਦੇ ਰਹਿਣ ਜਿਨ੍ਹਾਂ ਉਪਰ ਧੂਪੀਆਂ ਧੂਪ ਪਾਉਂਦਾ ਰਹੇ। ਰਾਤ ਨੂੰ ਰੋਸ਼ਨੀ ਲਈ ਘਿਉ ਦਾ ਦੀਵਾ ਜਗਾ ਕੇ ਪਾਠ ਕੀਤਾ ਜਾਵੇ।

ਪਾਠ ਆਰੰਭ ਕਰਨ ਤੋਂ ਪਹਿਲਾਂ ਸਫ ਤੇ ਮੰਜੀ ਸਾਹਿਬ ਧੋ ਕੇ ਰਖੇ ਹੋਣ। ਕੜਾਹ ਪ੍ਰਸ਼ਾਦ ਵਿਧੀ ਅਨੁਸਾਰ ਤਿਆਰ ਕਰ ਕੇ ੧੨ ਪਾਤਸ਼ਾਹੀਆਂ ਦੀ ਅਰਦਾਸ ਕਰਕੇ ਪਾਠ ਤੋਰਿਆ ਜਾਵੇ। ਸਮਾਪਤੀ ਸਮੇਂ ਕੜਾਹ ਪ੍ਰਸ਼ਾਦ ਕਰਕੇ ਲਿਆ ਕੇ ਰਖਿਆਂ ਜਾਵੇ। ਭੋਗ ਪੈਣ ਤੋਂ ਪਹਿਲੇ ਹੀ ਗੀਟੇ ਦੀ ਥਾਂ ਨਾਰੀਅਲ ਦਾ ਹਵਨ ਆਰੰਭਿਆ ਜਾਵੇ ਜੋ ਭੋਗ ਪੈਣ ਦੇ ਨਾਲ ਹੀ ਸਮਾਪਤ ਹੋਵੇ। ਜਦ ਪਾਠੀ ਕਹੇ 'ਅਠਾਹਰ ਦਸ ਬੀਸ' ਤਾਂ ਅਰਦਾਸੀਆ ਅਰਦਾਸ ਕਰਨੀ ਚਾਲੂ ਕਰ ਦੇਵੇ ਅਤੇ ਧੂਪੀਆ ਵੀ ਐਸੀ ਜੁਗਤ ਨਾਲ ਪਾਠ ਕਰੇ ਕਿ ਪਾਠੀ ਦੇ 'ਅਠਾਰਹ ਦਸ ਬੀਸ' ਕਹਿਣ ਸਾਰ ਹੀ ਉਹ ਵੀ 'ਕੇਤੀ ਛੁਟੀ ਨਾਲ' ਤੇ ਪਹੁੰਚ ਜਾਵੇ। ਪਾਠ ਦੀ ਸਮਾਪਤੀ ਹਰ ਹਾਲਤ ਵਿਚ ਸੋਲ੍ਹਾਂ ਪਹਿਰਾਂ ਦੇ ਅੰਦਰ-ਅੰਦਰ ਹੋਣੀ ਚਾਹੀਦੀ ਹੈ।

ਪਾਠ ਤੁਰੇ ਵਿਚ ਸੂਰਜ ਚੜ੍ਹਨ ਵੇਲੇ ਕੜਾਹ ਪਰਸ਼ਾਦ ਕੀਤਾ ਜਾਵੇ। ਸੂਰਜ ਦੀਆਂ ਰਿਸਮਾਂ ਨਾਲ ਕੜਾਹ ਪਰਸ਼ਾਦ ਦਾ ਅਰਦਾਸਾ ਕਰਕੇ ਵਰਤਾਇਆ ਜਾਵੇ।

ਪਾਠੀਆਂ ਦੀ ਮਰਯਾਦਾ :

ਸਾਰੇ ਸਿੰਘ ਸੋਧੀ 5 ਕਕੇ ਦੇ ਧਾਰਨੀ ਹੋਣ। ਅੰਮਿਤ ਤਿਆਰ ਕਰਨ। ਮਰਯਾਦਾ ਅਨੁਸਾਰ ਪਾਠੀ, ਧੂਪੀਏ, ਪਹਿਰੂ, ਲਾਂਗਰੀ ਸਾਰੇ ਸਿੰਘ ਅੰਮ੍ਰਿਤ ਛਕਣ ਅਤੇ ਇਕੋ ਮਰਯਾਦਾ ਦੇ ਧਾਰਨੀ ਹੋਣ। ਚੀਤਾ ਛਡ ਕੇ ਜਲ ਵਰਤਣ। ਕੂਹਣੀਆਂ ਤਕ ਬਾਹਾਂ ਅਤੇ ਗੋਡਿਆਂ ਤਕ ਲਤਾਂ ਧੋਤੀਆਂ ਜਾਣ, ਚੂਲਾ ਕੀਤਾ ਜਾਵੇ, ਸਭ ਸਿੰਘ ਭੁੰਜੇ ਬਰਾਜਣ ਅਤੇ ਪਾਠ ਦੇ ਦੌਰਾਨ ਕੋਈ ਸਿੰਘ ਇਸਤਰੀ ਨਾਲ ਸੰਗ ਨਾ ਕਰੇ। ਡੇਰਾ ਇਕੱਠਾ ਰਖਣ। ਜੰਗਲ ਜਾ ਕੇ ਆ ਕੇ 7 ਵਾਰੀ ਹੱਥ ਮਾਂਜਣ ਗੁਟਾਂ ਤੋਂ ਉਪਰ ਤਕ। ਅੰਨ ਘਟ ਛਕਣ ਤਾਂ ਕਿ ਪੌਣ ਨਾ ਸਰੇ। ਅਖੰਡ ਪਾਠ ਦਾ ਅਰਦਾਸ਼ਾ ਕਰਨ ਵਾਲੇ ਸਿੰਘਾਂ ਦਾ ਸੋਧ ਦਾ ਇਸ਼ਨਾਨ ਹੋਵੇ। ਪਹਿਰੂ ਸਿੰਘ ਪੜ੍ਹਿਆ ਹੋਇਆ ਹੋਵੇ ਤਾਂਕਿ ਜੇ ਪਾਠੀ ਜਾਂ ਧੂਪੀਏ ਨੇ ਕੀਤਾ ਛਡਣਾ ਹੋਵੇ ਤਾਂ ਉਹ ਪਾਠ ਕਰੇ।

ਇਸ ਮਰਯਾਦਾ ਨਾਲ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ 101 ਅਖੰਡ ਪਾਠ 1932 ਵਿਚ ਅਤੇ 101 ਸੰਮਤ 1933 ਵਿਚ ਕਰਾਏ ਕਿਉਂਕਿ ਜ਼ਿਆਦਾ ਸਿੰਘਾਂ ਨੂੰ ਗੁਰਦਵਾਰੇ ਅੰਦਰ ਰਹਿਣ ਦੀ ਆਗਿਆ ਨਹੀਂ ਸੀ। ਇਸ ਕਰਕੇ ਮੁਖ਼ਬਰਾਂ ਨੇ ਪਾਠਾਂ ਦੇ ਦੌਰਾਨ ਕਈ ਵਾਰੀ ਸ਼ਿਕਾਇਤਾਂ ਕੀਤੀਆਂ ਅਤੇ ਕਈ ਵਾਰ ਥਾਣੇਦਾਰ ਅਤੇ ਹੋਰ ਅਫਸਰਾਂ ਆ ਕੇ ਤਲਾਸ਼ੀਆਂ ਕਰਦੇ ਰਹੇ। ਇਕ ਵਾਰੀ ਐਸਾ ਵਕਤ ਆਇਆ ਕਿ ਅਖੰਡ ਪਾਠ ਦੀ ਤੁਕ ਇਕ ਥਾਂ ਤੇ ਛਡ ਕੇ ਦੂਸਰੀ ਥਾਂ ਜਿਥੇ ਗਰੰਥ ਸਾਹਿਬ ਪ੍ਰਕਾਸ਼ ਕੀਤਾ ਸੀ, ਉਥੇ ਉਸ ਤੁਕ ਤੋਂ ਉਸੇ ਵੇਲੇ ਪਾਠ ਕੀਤਾ ਗਿਆ। ਰੰਗੂਨ ਤੋਂ ਸ੍ਰੀ ਸਤਿਗੁਰੂ ਜੀ ਹੁਕਮ ਭੇਜਿਆ ਕਿ ਜਿਸ ਦਿਨ ਪਾਠ ਟੁਟੇ ਉਸ ਦਿਨ ਮੇਰੇ ਸਰੀਰ ਨੂੰ ਕਸ਼ਟ ਹੋਇਆ। ਇੰਨੀਆਂ ਮਹਾਨ ਕਠਿਨਾਈਆਂ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸੰਪੂਰਨ ਵਿਧੀ ਅਨੁਸਾਰ ਪਤਾ ਨਹੀਂ ਕਿਨੇ ਅਖੰਡ ਪਾਠ ਕਰਾਏ। ਪਾਠ ਕਰਨ ਵਾਲੇ ਸਿੰਘਾਂ ਨੇ ਜੋ ਘਾਲਣਾ ਘਾਲੀ ਉਹ ਵੀ ਅਕਥਨੀਯ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵੀ ਅਨੇਕ ਅਖੰਡ ਪਾਠ ਇਸੇ ਮਰਯਾਦਾ ਨਾਲ ਹੋਏ ਅਤੇ ਹੁਣ ਵੀ ਇਸੇ ਮਰਯਾਦਾ ਨਾਲ ਹੁੰਦੇ ਹਨ।

ਪ੍ਰਸ਼ਨ : ਇਕ ਸਿੱਖ ਦੇ ਕੀ ਫਰਜ਼ ਹਨ ?

ਉੱਤਰ : ਪ੍ਰਾਣੀ ਦਾ ਗੁਰਸਿੱਖ ਸਜਣਾ

ਜੋ ਪ੍ਰਾਣੀ ਗੋਬਿੰਦ ਧਿਆਵੈ, ਪੜਿਆ ਅਣਪੜਿਆ ਪਰਮਗਤਿ ਪਾਵੈ ॥

—ਸ੍ਰੀ ਆਦਿ ਗਰੰਥ ਸਾਹਿਬ

ਜੋ ਪ੍ਰਾਣੀ ਮਨੁਖਾ ਦੇਹ ਧਾਰ ਕੇ ਇਸ ਮਾਤ ਲੋਕ ਵਿਚ ਆ ਗਿਆ ਹੈ ਉਸਦਾ ਫ਼ਰਜ ਹੈ ਕਿ ਉਹ ਮਾਸ, ਸ਼ਰਾਬ ਅਤੇ ਹੋਰ ਹਰ ਤਰ੍ਹਾਂ ਦੇ ਨਸ਼ਿਆਂ ਦਾ ਤਿਆਗ ਕਰਕੇ ਗੁਰਮੰਤਰ ਪੁਛੇ। ਗੁਰਬਾਣੀ ਵੀ ਕਹਿੰਦੀ ਹੈ ਕਿ :

"ਮਨਹਿ ਪ੍ਰਗਾਸ ਭਇਓ ਭ੍ਰਮ ਕਾਟਿਓ, ਮੰਤ੍ਰ ਦੀਓ ਗੁਰ ਕਾਨ ॥"

ਕੰਨ ਵਿਚ ਦਿਤਾ ਹੋਇਆ ਭਜਨ ਗੁਪਤ ਜਪੇ, ਉੱਚਾ ਨਹੀਂ ਕਹਿਣਾ, ਨ ਹੀ ਕਿਸੇ ਹੋਰ ਨੂੰ ਦਸੇ। ਬੈਠ ਕੇ ਇਕਾਂਤ ਇਕ ਮਨ ਇਕ ਚਿੱਤ ਹੋ ਇੰਨੀ ਕੁ ਉੱਚੀ ਸਿਮਰਨ ਦੀ ਆਵਾਜ਼ ਆਵੇ ਜਿੰਨੀ ਕੁ ਤੁਹਾਡੇ ਆਪਣੇ ਕੰਨਾਂ ਤੀਕ ਰਹੇ। ਰਸਨਾ ਹਿਲਦੀ ਰਹੇ, ਬੁਲ੍ਹ ਫਰਕਦੇ ਰਹਿਣ। ਤੁਰਦੇ ਫਿਰਦਿਆਂ, ਉਠਦੇ ਬੈਠਦਿਆਂ, ਖਾਂਦਿਆਂ ਪੀਂਦਿਆਂ ਸਦਾ ਹੀ ਨਾਮ ਜਪਦਾ ਰਹੇ ਜਿਵੇਂ ਕਿ ਗੁਰਬਾਣੀ ਕਹਿੰਦੀ ਹੈ :—

"ਜਿਨਾ ਸਾਸ ਗਿਰਾਸ ਨਾ ਵਿਸਰੈ ਹਰਿ ਨਾਮਾ ਮਨਿ ਮੰਤ ॥
ਧੰਨ ਸਿ ਸੇਈ ਨਾਨਕਾ ਪੂਰਨ ਸੋਈ ਸੰਤ ॥"

ਮਨੁਖ ਜਨਮ ਦਾ ਬਾਕੀ ਜੋਨੀਆਂ ਨਾਲੋਂ ਇਹੀ ਲਾਹਾ ਹੈ। ਨਹੀਂ ਤਾਂ :

ਪਸੂ ਮਿਲਹਿ ਚੰਗਿਆਈਆ ਖੜ ਖਾਵਹਿ ਅੰਮ੍ਰਿਤ ਦੇਹਿ ॥
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥

ਇਥੇ ਹੀ ਬਸ ਨਹੀਂ ਗੁਰੂ ਸਾਹਿਬਾਂ ਗੁਰਬਾਣੀ 'ਚ ਇਹ ਫੈਸਲਾ ਦੇ ਦਿਤਾ ਹੈ ਕਿ :

ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥
ਕੂਕਰਹ ਸੂਕਰਹ ਗਰਧਭਹ ਕਾਕਹ, ਸਰਪਨਹ ਤੁਲਿ ਖਲਹ ॥ —ਸਹਸਕ੍ਰਿਤੀ

ਗੁਰਮੰਤਰ ਦੀਖਿਆ ਦੀ ਪ੍ਰਾਪਤੀ ਹੋ ਜਾਣ ਤੋਂ ਬਾਅਦ ਸਣੇ ਕੇਸੀ ਇਸ਼ਨਾਨ ਕਰਕੇ ਅੰਮ੍ਰਿਤ ਛਕ ਕੇ ਪੰਜ ਕਕਾਰ ਧਾਰਨ ਕਰਕੇ ਤਿਆਰ-ਬਰ-ਤਿਆਰ ਸਿੰਘ ਸਜੇ। ਗੁਰਸਿਖ ਜਦੋਂ ਵੀ ਇਸ਼ਨਾਨ ਕਰੇ ਪਹਿਲਾਂ ਕੇਸਾਂ ਵਿਚ ਜਲ ਜ਼ਰੂਰ ਪਾਵੇ। ਗੁਰਬਾਣੀ 'ਚ ਲਿਖਿਆ ਹੈ :

ਮੁਇਆ ਜੀਵਦਿਆ ਤਾਂ ਗਤਿ ਹੋਵੈ, ਜਾਂ ਸਿਰਿ ਪਾਈਐ ਪਾਣੀ ॥

ਗੁਰਸਿਖ ਦੀ ਨਿਤਾਪ੍ਰਤੀ ਕਰਨੀ :

ਜਾਮ ਨ੍ਹਾਈਐ ਨਾਮ ਧਿਆਈਐ ਘਰ ਕੀ ਕੀਜੈ ਕਾਰ ॥
ਥੋੜਾ ਬੋਲ ਸਾਚ ਤੋਲ ਇਕ ਮਨ ਸੰਕਟ ਹਾਰ ॥

ਭਾਵ ਸਵਾ ਪਹਿਰ ਰਾਤ ਰਹਿੰਦੀ ਇਸ਼ਨਾਨ ਕਰ ਕੇ ਨਾਮ ਜਪੇ। ਫਿਰ ਘਰ ਦੇ ਲਈ ਕੰਮ ਕੀਤੇ ਜਾਣ। ਜਿਸ ਤਰ੍ਹਾਂ ਹਰ ਕੰਮ ਕਰਨ ਦੇ ਅਸੂਲ ਹੁੰਦੇ ਹਨ। ਜੁਗਤ ਬਿਨਾਂ ਨਿਰਾ ਨੇਰ੍ਹਾ ਹੀ ਢੋਣਾ ਹੈ। ਇਸੇ ਜੁਗਤ ਨੂੰ ਗੁਰਸਿਖ ਲਈ ਰਹਿਤ-ਮਰਯਾਦਾ ਕਿਹਾ ਜਾਂਦਾ ਹੈ।

ਅੰਮ੍ਰਿਤ ਵੇਲੇ ਦੇ ਇਸ਼ਨਾਨ ਪ੍ਰਤੀ ਨਿਯਮ :

1. ਜੰਗਲ ਜਾਣ ਸਮੇਂ ਸਿਰ ਨੰਗਾ ਨਾ ਹੋਏ। ਜਲ ਦਾ ਗੜਵਾ ਕੋਲ ਹੋਵੇ ਜੰਗਲ ਬੈਠਿਆਂ ਕੋਈ ਗਲ ਨਹੀਂ ਕਰਨੀ।

2. ਜੰਗਲ ਬੈਠਿਆਂ ਕਦੀ ਦਾਤਨ ਨ ਕਰੋ। ਜੰਗਲ ਜਾਣ ਤੋਂ ਬਾਅਦ ਸਤ ਵਾਰੀ ਹਥ ਸਾਫ ਮਿੱਟੀ ਨਾਲ ਗੁਟਾਂ ਦੇ ਉਪਰ ਤਕ ਮਾਂਜਨੇ ਚਾਹੀਦੇ ਹਨ। ਫਿਰ ਚੁਲ੍ਹਾ ਕਰਕੇ ਦਾਤਨ ਜਾਂ ਮੰਜਨ ਕਰਨਾ ਚਾਹੀਦਾ ਹੈ। ਦਾਤਨ ਦੋਬਾਰਾ ਮੂੰਹ 'ਚ ਪਾਉਣ ਤੋਂ ਪਹਿਲਾਂ ਕੁਰਲਾ ਕਰੋ ਤੇ ਫਿਰ ਦਾਤਨ ਧੋ ਕੇ ਮੂੰਹ 'ਚ ਪਾਓ।

3. ਸਾਫ ਮਿੱਟੀ ਨਾਲ ਦੋ ਵਾਰ ਗੜਵਾ ਸੁਕਮਾਂਜ ਕਰੋ। ਗੜ੍ਹਵਾ ਬੰਨਣ ਤੋਂ ਪਹਿਲਾਂ ਡੋਰੀ ਪਾਣੀ ਨਾਲ ਧੋ ਕੇ ਸੁੱਚੀ ਕਰ ਲੈਣੀ ਚਾਹੀਦੀ ਹੈ।

4. ਇਸ਼ਨਾਨ ਕਰਨ ਸਮੇਂ ਪਹਿਲਾਂ ਜਲ ਕੇਸਾਂ 'ਚ ਪਾਓ ਫਿਰ ਕੇਸਾਂ ਦਾ ਜੂੜਾ ਕਰਕੇ ਪਿੰਡੇ ਤੇ ਜਲ ਪਾਓ। ਖਿਆਲ ਰਖਣਾ ਕਿ ਪਿੰਡੇ ਵਾਲੇ ਜਲ ਦੀ ਛਿੱਟ ਕੇਸਾਂ ਵਿਚ ਨ ਪਵੇ। ਹੋ ਸਕੇ ਤਾਂ ਸੁੱਕਾ ਤੋਲੀਆ ਕੇਸਾਂ ਨੂੰ ਵਲੇਟ ਲਵੋ। ਇਸ਼ਨਾਨ ਹਮੇਸ਼ਾ ਤਾਜ਼ੇ ਜਲ ਨਾਲ ਕਰੋ। ਜੇਕਰ ਸਰੀਰ ਠੀਕ ਨਾ ਹੋਵੇ ਤਾਂ ਜਲ ਕੋਸਾ ਕਰ ਸਕਦੇ ਹੋ।

5. ਫਿਰ ਕੇਸ ਕੱਜ ਕੇ ਸਰੀਰ ਤੋਲੀਏ ਨਾਲ ਸਾਫ ਕਰਕੇ ਕਛਹਿਰੇ ਦਾ ਇਕ ਪਹੁੰਚਾ ਲਾਹ ਕੇ, ਸੁੱਕੇ ਕਛਹਿਰੇ ਦਾ ਇਕ ਪਹੁੰਚਾ ਪਾਵੋ। ਫੇਰ ਦੂਸਰਾ ਪਹੁੰਚਾ ਲਾਹ ਕੇ ਦੂਜਾ ਪਹੁੰਚਾ ਪਾਵੋ, ਕਛਹਿਰੇ ਨੂੰ ਧੋ ਕੇ ਸੁਕਣੇ

ਪਾਓ। ਮੋਢੇ ਤੇ ਕਛਹਿਰਾ ਨਹੀਂ ਰਖਣਾ।

6. ਫਿਰ ਹਥਾਂ ਪੈਰਾਂ ਤੇ ਪਾਣੀ ਪਾ ਕੇ ਸੁੱਚੇ ਕਰ ਲੈਣੇ। ਆਸਣ ਵਿਛਾ ਕੇ ਅਰਦਾਸ ਕਰ ਕੇ ਨਾਮ ਸਿਮਰਨ ਕਰੋ। ਗੁਰਬਾਣੀ 'ਚ ਲਿਖਿਆ ਹੈ, "ਕਰਿ ਇਸ਼ਨਾਨ ਸਿਮਰ ਪ੍ਰਭੁ ਆਪਣਾ ਮਨ ਤਨ ਭਏ ਅਰੋਗਾ।" ਫਿਰ ਲੋਅ ਲਗੀ ਤੇ ਬਾਣੀ ਦਾ ਪਾਠ ਕੀਤਾ ਜਾਵੇ। ਗੁਰੂ ਸਾਹਿਬਾਂ ਹੁਕਮ ਹੀ ਇਸ ਤਰ੍ਹਾਂ ਕੀਤਾ ਹੈ—
"ਚੜ੍ਹੇ ਦਿਵਸ ਗੁਰਬਾਣੀ ਗਾਵੈ।"

7. ਪੰਜ ਕੱਕਿਆਂ ਦਾ ਧਾਰਨੀ ਹੋਣਾ ਚਾਹੀਦਾ ਹੈ—ਕੇਸ, ਕੰਘਾ ਤੇ ਕੰਘੇ 'ਚ ਕ੍ਰਿਪਾਨ ਤਾਰ ਨਾਲ਼ ਬੰਨ੍ਹੀ ਹੋਵੇ, ਕੜਾ ਤੇ ਕਛਹਿਰਾ।

8. ਤੌਲੀਆ ਤੇ ਜੰਗਲ ਵਾਲੇ ਸਾਰੇ ਹੀ ਕਪੜੇ ਦੋਬਾਰਾ ਧੋ ਕੇ ਫਿਰ ਵਰਤੋਂ ਵਿਚ ਲਿਆਂਦੇ ਜਾਣ।

9. ਕਛਹਿਰਾ ਦੋ ਜਾਂ ਤਿੰਨ ਉਂਗਲ ਗੋਡੇ ਤੋਂ ਉੱਚਾ ਹੋਣਾ ਚਾਹੀਦਾ ਹੈ।

ਕੇਸਾਂ ਬਾਰੇ ਕੁਝ ਨਿਯਮ :

ਜੰਗਲ ਜਾਣ ਸਮੇਂ, ਛਰਲਾ ਛਡਣ ਸਮੇਂ, ਦਾਤਨ, ਚੂਲ਼ਾ ਕਰਨ ਸਮੇਂ, ਜਲ ਜਾਂ ਪ੍ਰਸ਼ਾਦਾ ਛਕਣ ਸਮੇਂ, ਪਾਠ, ਨਿਤਨੇਮ ਜਾਂ ਕਿਸੇ ਸਭਾ ਸੁਸਾਇਟੀ ਜਾਂ ਕਿਸੇ ਦੇ ਸਤਿਕਾਰ ਕਰਦੇ ਸਮੇਂ ਕੇਸ ਨੰਗੇ ਨਹੀਂ ਹੋਣੇ ਚਾਹੀਦੇ। ਭਾਵ ਹਰ ਵਕਤ ਕੇਸ ਢੱਕ ਕੇ ਰਖਣੇ ਚਾਹੀਦੇ ਹਨ। ਦੋਵੇਂ ਵਕਤ ਕੰਘਾ ਕਰਕੇ ਪੱਗ (ਦਸਤਾਰ) ਚੁਣ ਚੁਣ ਕੇ ਬੰਨ੍ਹਣੀ ਚਾਹੀਦੀ ਹੈ।

ਛਰਲਾ ਛਡਣ ਸਮੇਂ :

ਛਰਲਾ ਛਡਣ ਲਗਿਆਂ ਜਲ ਜ਼ਰੂਰ ਵਰਤੋ।

"ਜਾਮ ਜਾਮਨੀ ਮੰਜਨ ਆਛੇ ॥ ਜਲ ਲੇਵੈ ਮੂਤ੍ਰ ਕੇ ਪਾਛੇ ॥

ਜਲ ਵਾਲਾ ਬਰਤਨ ਦੋਬਾਰਾ ਮਾਂਜ ਕੇ ਵਰਤੋਂ ਵਿਚ ਲਿਆਵੋ। ਹੱਥ ਪੈਰ ਧੋ ਕੇ ਚਗੀ ਤਰ੍ਹਾਂ ਫਿਰ ਚੂਲ਼ਾ ਜ਼ਰੂਰ ਕਰੋ।

ਅਰਦਾਸ ਤੇ ਨਿਤਨੇਮ :

ਹਰ ਸਿਖ ਅਰਦਾਸ ਕਰ ਕੇ ਨਾਮ ਸਿਮਰਨ ਕਰੇ, ਫਿਰ ਸਮਾਪਤੀ ਤੇ ਕਰੇ। ਨਾਮ ਸਿਮਰਨ ਇਕ ਘੰਟਾ ਜ਼ਰੂਰੀ ਹੈ। ਬਾਣੀ ਦਾ ਪਾਠ ਕਰਨ ਵੇਲੇ, ਪਾਠ ਦੀ ਸਮਾਪਤੀ ਤੇ ਪ੍ਰਸ਼ਾਦਾ ਛਕਣ ਸਮੇਂ ਤੇ ਬਾਅਦ ਵਿਚ, ਬਾਹਰ ਕੰਮ ਤੇ ਜਾਣ ਸਮੇਂ, ਰਾਤ ਨੂੰ ਕੀਰਤਨ ਸੋਹਿਲੇ ਦਾ ਪਾਠ ਕਰਕੇ ਸੌਣ ਸਮੇਂ ਅਰਦਾਸ ਜ਼ਰੂਰ ਕਰੇ।

ਪੰਜ ਬਾਣੀਆਂ ਦਾ ਪਾਠ ਹਰ ਸਿਖ ਰੋਜ਼ ਕਰੇ। ਪੰਜ ਬਾਣੀਆਂ ਹਨ—

ਜਪੁਜੀ ਸਾਹਿਬ, ਜਾਪੁ ਸਾਹਿਬ, ਦੋਹਾਂ ਦੇ ਸ਼ਬਦ ਹਜ਼ਾਰੇ, ਚੰਡੀ ਦੀ ਵਾਰ, ਰਹਿਰਾਸ ਤੇ ਕੀਰਤਨ ਸੋਹਿਲਾ।

ਚੰਡੀ ਦੀ ਵਾਰ ਸੂਰਜ ਦੀ ਟਿੱਕੀ ਨਿਕਲਣ ਤੋਂ ਪਹਿਲਾਂ ਸ਼ੁਰੂ ਕਰਕੇ ਟਿੱਕੀ ਨਿਕਲਦੇ ਹੀ ਸਮਾਪਤੀ ਦੀ ਅਰਦਾਸ ਕਰਨੀ ਹੈ। ਹੋਰ ਬਾਣੀ ਭਾਵੇਂ ਅਗੇ ਪਿਛੇ ਹੋ ਜਾਣ ਪਰ ਚੰਡੀ ਦੀ ਵਾਰ ਪੜ੍ਹਣ ਦਾ ਇਸੇ ਸਮੇਂ ਦਾ ਹੁਕਮ ਹੈ। ਦਿਨ ਛਿਪਣ ਦੇ ਬਾਅਦ ਰਹਿਰਾਸ ਤੇ ਰਾਤ ਨੂੰ ਬਿਰਾਜਨ ਤੋਂ ਪਹਿਲਾਂ ਚਰਣ ਧੋ ਕੇ ਮੰਜੇ ਤੇ ਬੈਠ ਕੇ ਕੀਰਤਨ ਸੋਹਿਲਾ ਦਾ ਪਾਠ ਕਰਕੇ ਅਰਦਾਸ ਕਰਕੇ ਬਿਰਾਜਨਾ ਹੈ। ਸਾਰੇ ਦਿਨ 'ਚ ਇਕ ਭਗੌਤੀ ਦੀ ਮਾਲਾ ਕਰਨ ਦਾ ਅਤੇ

ਹਰ ਘਰ ਪ੍ਰਤੀ ਇਕ ਪਾਠ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਮਹੀਨੇ ਪ੍ਰਤੀ ਕਰਨ ਦਾ ਹੁਕਮ ਹੈ ।

ਪਹਿਰਾਵਾ :

ਗੁਰਸਿੱਖਾਂ ਦਾ ਪਹਿਰਾਵਾ ਉਹੀ ਹੈ ਜੋ ਗੁਰੂ ਸਾਹਿਬਾਂ ਦਾ, ਚਾਰ ਸਾਹਿਬਜ਼ਾਦਿਆਂ ਦਾ, ਪੰਜਾਂ ਪਿਆਰਿਆਂ ਦਾ ਪਹਿਰਾਵਾ ਹੈ । ਭਾਵ ਸਿੱਧਾ ਗੁਰਮੁਖੀ ਦਸਤਾਰਾ, ਕਲੀਦਾਰ ਕੁੜਤਾ, ਰੇਪ ਪਜਾਮਾ । ਪਹਿਰਾਵਾ ਸਫੈਦ ਹੀ ਹੋਣਾ ਚਾਹੀਦਾ ਹੈ । ਪਰ ਰੰਗਦਾਰਾਂ ਵਿਚੋਂ ਨੀਲਾ ਤੇ ਕਾਲਾ ਤਾਂ ਬਿਲਕੁਲ ਹੀ ਨਹੀਂ ਹੋਣਾ ਚਾਹੀਦਾ । ਗੁਰੂ ਸਾਹਿਬਾਂ ਦਾ ਫੁਰਮਾਨ ਹੈ :

ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ । ਤਿਨਿ ਵੇਮੁਖਿ ਵੇਮੁਖੈ ਨੋ ਪਾਇਆ ॥ [ਵਾਰ ਗਉੜੀ]

ਨੀਲਾ ਤੇ ਕਾਲਾ ਵੇਸ ਤੁਰਕਾਂ ਦਾ ਹੈ ਜਿਸ ਦੀ ਬਾਬਤ ਗੁਰਬਾਣੀ ਵਿਚ ਫੈਸਲਾ ਦੇ ਦਿਤਾ ਹੈ—

ਨੀਲ ਬਸਤ੍ਰ ਲੇ ਕਪੜੇ ਪਹਿਰੇ, ਤੁਰਕ ਪਠਾਣੀ ਅਮਲੁ ਕੀਆ ।।"

ਆਸਾ ਦੀ ਵਾਰ ਵਿਚ ਹੀ ਸਲੂਵੇਂ ਸਲੋਕ ਵਿਚ ਲਿਖਿਆ ਹੈ—

"ਨੀਲ ਵਸਤ੍ਰ ਪਹਿਰ ਹੋਵਹਿ ਪਰਵਾਣੁ ॥"

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜੋ ਅੰਗਰੇਜ਼ੀ ਭਾਸ਼ਾ ਵਿਚ ਟੀਕਾ ਆਦਿ ਸ੍ਰੀ ਗੁਰੂ ਗਰੰਥ ਸਾਹਿਬ ਦਾ ਟੀਕਾਕਾਰ ਸ. ਮਨਮੋਹਨ ਸਿੰਘ ਜੀ ਦਾ ਛਾਪਿਆ ਹੈ ਉਸ ਵਿਚ ਇਹਨਾਂ ਤੁਕਾਂ ਦਾ ਅਰਥ ਇਉਂ ਕੀਤਾ ਹੈ—

ਨੀਲੇ ਕਪੜੇ ਪਹਿਣ ਕੇ ਉਹ ਮੁਸਲਮਾਨ ਦੀਆਂ ਅੱਖਾਂ ਵਿਚ ਮਕਬੂਲ (ਪ੍ਰਵਾਨ) ਹੋ ਜਾਂਦਾ । ਮੁਸਲਮਾਨਾਂ ਤੋਂ ਟੁਕਰ ਲੈ ਕੇ ਉਹ ਪੁਰਾਣਾ ਨੂੰ ਪੂਜਦਾ ਹੈ ।"

ਆਨੰਦਪੁਰ ਸਾਹਿਬ ਤੇ ਜੋ ਤੁਰਕੀ ਫੌਜਾਂ ਚੜ੍ਹ ਕੇ ਆਈਆਂ ਉਹਨਾਂ ਬਾਰੇ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ :

"ਕਾਰੀ ਘਟਾ ਸਪ ਆਵਤ ਤੇ, ਦਿਸ ਚਾਰਨ ਤੇ ਉਮਡੇ ਬਲਕਾਰੀ ॥
ਕਾਰੀ ਏ ਪੋਸਮ ਅੰਗ ਸਜੀ, ਜੰਗ ਮਚਾਵਨ ਕੇ ਹਿਤਕਾਰੀ ॥"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਜਫਰਨਾਮੇ ਵਿਚ ਲਿਖਦੇ ਹਨ —

"ਬਰੰਗੇ ਮਗਸ ਸ਼ਾਹ ਪੋਸ਼ ਆਮਦਮ ।"

ਭਾਵ ਮਖੀ ਰੰਗੇ ਕਾਲੀ ਪੋਸ਼ਸ਼ ਵਾਲੇ ਸਾਡੇ ਤੇ ਚੜ੍ਹ ਕੇ ਆਏ । ਇਸ ਤੋਂ ਸਾਫ ਜ਼ਾਹਿਰ ਹੈ ਕਿ ਉਹ ਆਪ (ਦਸ਼ਮੇਸ਼ ਜੀ) ਕਾਲੀ, ਨੀਲੀ ਪੁਸ਼ਾਕ ਦੇ ਧਾਰਨੀ ਨਹੀਂ ਸਨ ।

ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਸਾਹਿਬ ਤੋਂ ਨਿਕਲਣ ਵੇਲੇ ਉੱਚ ਦਾ ਪੀਰ ਬਨਣ ਲਈ ਹੀ ਇਸ ਰੰਗ ਦੇ ਕਪੜੇ ਪਹਿਨੇ ਤੇ ਸਾਂਗ ਵਰਤਾ ਕੇ ਨਿਕਲ ਗਏ । ਪਰ ਜਦ ਦਿਲਵੀਂ ਗਏ ਤਦ ਸੋਢੀ ਕੌਲ ਜੀ ਨੇ ਚਿੱਟੇ ਬਸਤ੍ਰ ਲਿਆ ਕੇ ਦਿਤੇ ਅਤੇ ਬੇਨਤੀ ਕੀਤੀ ਕਿ ਇਹ ਨੀਲੇ (ਵਸਤ੍ਰ) ਉਤਾਰ ਦਿਓ ਅਤੇ ਸਫੇਦ ਪਹਿਨੋ । ਕਲਗੀਧਰ ਜੀ ਨੇ ਸੋਢੀ ਜੀ ਦਾ ਬਚਨ ਮੰਨ ਲਿਆ ਅਤੇ ਨੀਲੇ ਵਸਤ੍ਰ ਉਤਾਰ ਹੀ ਨਹੀਂ ਦਿਤੇ ਬਲਕਿ ਪਾੜ ਪਾੜ ਕੇ ਫੂਕ ਦਿਤੇ । ਅਤੇ ਆਸਾ ਦੀ ਵਾਰ ਵਿਚ ਲਿਖੀ ਹੋਈ ਤੁਕ 'ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ'' ਉਲਟਾਈ । ਜਿਸ ਦਾ ਵਰਨਣ ਭਾਈ ਸੰਤੋਖ ਸਿੰਘ ਜੀ ਨੇ ਇਉਂ ਕੀਤਾ :

ਜੁਲਤ ਅੰਗੀਠਾ ਅਗਨ ਅਗਾਰੀ । ਨੀਲਾਂਬਰ ਲੇ ਹਾਥ ਮਝਾਰੀ ।
ਲੀਰ ਪਾੜ ਕਰ ਤਿਸਤੇ ਸਤਿਗੁਰ । ਸ੍ਰੀ ਮੁਖ ਤੇ ਤੁਕ ਏਵ ਉਚਰ ਕਰ ।
ਨੀਲ ਬਸਤਰ ਲੇ ਕਪੜੇ ਫਾੜੇ, ਤੁਰਕ ਪਠਾਣੀ ਅਮਲੁ ਗਇਆ ।

ਗਿਆਨੀ ਕਰਤਾਰ ਸਿੰਘ ਜੀ ਕਲਾਸਵਾਲੀਏ ਨੇ ਵੀ ਇਸ ਘਟਨਾ ਦਾ ਵਰਨਣ ਕਰਦਿਆਂ ਹੋਇਆਂ ਇਉਂ ਲਿਖਿਆ ਹੈ—

"ਨੀਲੇ ਫਾੜ ਚਿਟੇ ਬਸਤ੍ਰ ਪਹਿਨ ਗੁਰੂ ਜੀ, ਗੁਰੂ ਗਰੰਥ ਦੀ ਤੁਕ ਪਲਟਾਈ ਉਥੇ ॥"

ਸੋ ਹਰ ਗੁਰਸਿਖ ਦਾ ਫਰਜ਼ ਹੈ ਕਿ ਉਸ ਦਾ ਲਿਬਾਸ ਸਫੇਦ ਕੁੜਤਾ (ਕਲੀਆਂ ਵਾਲਾ), ਰੇਪ ਪਜਾਮਾ ਤੇ ਸਿਧਾ ਗੁਰਮੁਖੀ ਦਸਤਾਰਾ ਹੀ ਹੋਣਾ ਚਾਹੀਦਾ ਹੈ।

ਪ੍ਰਸ਼ਾਦਾ ਛਕਣ ਦਾ ਨਿਯਮ :

1) ਪ੍ਰਸ਼ਾਦਾ ਛਕਣ ਤੋਂ ਪਹਿਲਾਂ ਇਸ਼ਨਾਨ ਕਰ ਸੁਛ ਬਸਤ੍ਰ ਪਹਿਨ, ਸੁਛ ਜਗ੍ਹਾ ਤੇ ਬੈਠ ਕੇ ਬੜੇ ਪਿਆਰ ਤੇ ਸਤਿਕਾਰ ਨਾਲ ਪ੍ਰਾਰਥਨਾ ਕਰਕੇ ਹੀ ਛਕਣਾ ਚਾਹੀਦਾ ਹੈ। ਹਰ ਗਰਾਹੀ ਨਾਲ ਉਸ ਦੇ ਨਾਮ ਦਾ ਸਿਮਰਨ ਹੋਣਾ ਚਾਹੀਦਾ ਹੈ। ਗਲਾਂ ਨਹੀਂ ਕਰਨੀਆਂ ਚਾਹੀਦੀਆਂ। ਪ੍ਰਸ਼ਾਦਾ ਛਕਣ ਤੋਂ ਬਾਅਦ ਥਾਲਾ ਧੋ ਕੇ ਪੀਣਾ ਚਾਹੀਦਾ ਹੈ। ਤਾਂ ਜੁ ਕਿਨਕਾਂ ਮਾਤਰ ਵੀ ਜੂਠ ਨ ਰਹਿ ਜਾਵੇ। ਫਿਰ ਹਥ ਧੋ ਚੁਲ੍ਹਾ ਕਰਕੇ ਅਰਦਾਸ ਕਰਨੀ ਚਾਹੀਦੀ ਹੈ।

2) ਜਿਹੜਾ ਰਹਿਤ ਵਿਚ ਪੂਰਾ ਨਾ ਹੋਵੇ ਉਸ ਦੇ ਹਥੋਂ ਪ੍ਰਸ਼ਾਦਾ ਨਹੀਂ ਛਕਣਾ ਚਾਹੀਦਾ। ਜਿਵੇਂ :

'ਜਾਂਕੀ ਰਹਿਤ ਨਾ ਜਾਣੀਐ ਗੁਰਮੰਤ੍ਰ ਨਹੀਂ ਚੀਤ ॥ ਤਾਂਕਾ ਭੋਜਨ ਖਾਇਕੇ ਵਿਸਰੈ ਹਰਿ ਸਿਉਂ ਪ੍ਰੀਤ ॥

ਤਥਾ :—ਜਹਾਂ ਤਹਾਂ ਕਾ ਛਕੈ ਪ੍ਰਸਾਦਿ ॥ ਸਿਖ ਨਹੀਂ ਮੋਰਾ ਆਦਿ ਜੁਗਾਦ ॥

ਇਸ ਲਈ ਰਹਿਤ ਮਰਯਾਦਾ ਵਿਚ ਚਲਣ ਦਾ ਹੁਕਮ ਹੈ। ਗੁਰੂ ਜੀ ਦਾ ਹੁਕਮ ਹੈ ਕਿ :

"ਰਹਿਤ ਪਿਆਰੀ ਮੋਹਿ ਕੋ ਸਿਖ ਪਿਆਰਾ ਨਾਹਿ ॥"

"ਰਹਿਣੀ ਰਹੇ ਸੋਈ ਸਿਖ ਮੇਰਾ ॥ ਵੋ ਸਾਹਿਬ ਮੈ ਉਸ ਕਾ ਚੇਰਾ ॥"

ਸੋ ਇਸ ਲਈ ਜ਼ਰੂਰੀ ਹੈ ਕਿ ਬਾਜ਼ਾਰ ਵਿਚ ਬਣੀ ਹੋਈ ਚੀਜ਼ ਦਾ ਖਾਣ ਤੋਂ ਪ੍ਰਹੇਜ ਕਰੋ। ਹੁਣ ਤਾਂ ਸਤਿਗੁਰੂ ਜੀ ਦਾ ਹੁਕਮ ਹੈ ਕਿ ਡਾਲਡੇ ਘੀ ਦੀ ਬਣੀ ਹੋਈ ਹਰ ਵਸਤੂ ਦਾ ਤਿਆਗ ਕਰੋ। ਹੁਕਮ ਮੰਨ ਕੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣ ਸਕੀਦਾ ਹੈ।

ਅੰਮ੍ਰਿਤ ਦੀ ਮਰਯਾਦਾ :

ਅੰਮ੍ਰਿਤ ਤਿਆਰ ਕਰਨ ਲਈ ਇਹ ਬਾਣੀਆਂ ਪੜ੍ਹੀਆਂ ਜਾਂਦੀਆਂ ਹਨ :

ਜਪੁਜੀ ਸਾਹਿਬ, ਜਾਪ ਸਾਹਿਬ, ਅਨੰਦ ਸਾਹਿਬ, ਚੌਪਈ ਤੇ ਸਵੈਯੇ (ਪੰਜ ਵਾਰੀ)।

ਪੰਜ ਸਿੰਘ ਸੋਧ ਦਾ ਇਸ਼ਨਾਨ ਕਰ, ਕਮਰਕੱਸਾ ਤੇ ਸਫਾ ਜੰਗ ਲਾ ਕੇ, ਪੰਜ ਕਕਾਰ ਦੇ ਧਾਰਨੀ ਸੁਛ ਥਾਂ ਤੇ ਆਸਣ ਵਿਛਾ ਕੇ ਸੁੱਚੇ ਬਸਤ੍ਰ ਨਾਲ ਖੰਡਾ ਬਾਟਾ ਫੜ ਕੇ ਸੁੱਚੇ ਆਸਣ ਤੇ ਰਖਣ। ਸੁੱਚੇ ਬਸਤ੍ਰ ਨਾਲ ਹੀ ਜਲ ਕੱਢ ਕੇ ਵਿਚ ਪਾਉਣ। ਪਤਾਸੇ ਜਾਂ ਗੁੜ ਵਿਚ ਪਾ ਕੇ ਇਕ ਸਿੰਘ ਰੁਮਾਲੀ ਨਾਲ ਖੰਡਾ ਫੇਰੇ ਤੇ ਚਾਰ ਸਿੰਘ ਗੁਰਬਾਣੀ ਦਾ ਪਾਠ ਕਰਨ। ਅਰਦਾਸਾ ਕਰ ਕੇ ਸ਼ੁਰੂ ਕਰਨਾ ਹੈ ਤੇ ਅਰਦਾਸਾ ਕਰ ਕੇ ਸਮਾਪਤੀ ਕਰਨੀ ਹੈ। ਯਾਦ ਰਹੇ ਕਿ ਅੰਮ੍ਰਿਤ ਤਿਆਰ ਕਰਨ ਤੋਂ ਪਹਿਲਾਂ ਸੋਧ ਦੀ ਮਰਯਾਦਾ ਵਾਲਾ ਕੜਾਹ ਪ੍ਰਸ਼ਾਦ ਜ਼ਰੂਰ ਤਿਆਰ ਕਰਕੇ ਰਖ ਲੈਣਾ ਹੈ।

ਅੰਮ੍ਰਿਤ ਤਿਆਰ ਹੋਣ ਤੋਂ ਬਾਅਦ ਛਕਣ ਵਾਲਾ ਤੇ ਛਕਾਉਣ ਵਾਲੇ ਦੇ ਕਮਰਕੱਸਾ ਕੀਤਾ ਹੋਇਆ, ਸਫਾਜੰਗ ਲਗਿਆ ਹੋਵੇ, ਪੰਜ ਕਕਾਰ ਪੂਰੇ ਹੋਣ। ਅੰਮ੍ਰਿਤ ਛਕਾਉਣ ਵਾਲਾ ਸੁੱਚੀ ਰੁਮਾਲੀ ਨਾਲ ਅੰਮ੍ਰਿਤ ਛਕਾਵੇ। ਛਕਣ ਵਾਲਾ ਖੱਬਾ ਗੋਡਾ ਜ਼ਮੀਨ ਤੇ ਝੁਕਾ ਕੇ ਹੱਥ ਦੇ ਉਪਰ ਹੱਥ ਰਖ ਕੇ ਚੁਲ੍ਹਾ ਅੰਮ੍ਰਿਤ ਦਾ ਖਵਾ ਕੇ ਛਕੇ। ਅੰਮ੍ਰਿਤ ਛਕਾਉਣ ਵਾਲਾ ਪਹਿਲਾਂ ਆਖੇਗਾ "ਬੋਲ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥" ਤੇ ਅੰਮ੍ਰਿਤ ਦਾ ਚੁਲ੍ਹਾ ਛਕ ਕੇ ਛਕਣ ਵਾਲਾ ਆਖੇਗਾ : "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥" ਇਸ ਤਰ੍ਹਾਂ ਪੰਜ ਚੁਲ੍ਹੇ ਛਕਣੇ ਹਨ ਤੇ ਫਿਰ ਪੰਜ ਵਾਰੀ ਕੇਸਾਂ 'ਚ ਅੰਮ੍ਰਿਤ ਪਾਉਣਾ ਹੈ ਤੇ ਫਿਰ ਪੰਜ ਵਾਰੀ ਅੱਖਾਂ ਵਿਚ ਛਿੱਟੇ ਮਾਰਨੇ ਹਨ। ਹਰ ਵਾਰੀ ਫਤਹਿ ਦਾ ਜੁਆਬ ਫਤਹਿ ਵਿਚ ਦੇਂਦੇ ਰਹਿਣਾ ਹੈ। ਇਸਤ੍ਰੀਆਂ ਵਾਸਤੇ ਫਤਹਿ ਦੇ ਜਵਾਬ ਵਿਚ "ਸਤਿ ਸ੍ਰੀ ਅਕਾਲ" ਹੀ ਆਖਣਾ ਹੈ। ਇਸ ਤਰ੍ਹਾਂ ਇਹ ਅੰਮ੍ਰਿਤਧਾਰੀ ਸਿੰਘ ਫਿਰ ਬਾਕੀਆਂ ਨੂੰ ਹੱਥ ਨਾਲ ਅੰਮ੍ਰਿਤ ਛਕਾ ਸਕਦਾ ਹੈ। ਇਸ ਤਰ੍ਹਾਂ ਸਾਰੇ ਸਿੰਘ ਅੰਮ੍ਰਿਤ ਛਕ ਕੇ ਸੋਧੀ ਸਿੰਘ ਬਣ ਸਕਦੇ ਹਨ।

ਕੀ ਮਾਸ ਖਾਣ ਨਾਲ ਵੀਰਤਾ ਆਉਂਦੀ ਹੈ ?

—ਜੇ. ਪੀ. ਸੰਗਤ ਸਿੰਘ ਬੰਬਈ

ਮਾਸ ਖਾਣ ਵਾਲੇ ਸੱਜਣ ਇਸ ਅਖਾਜ ਵਸਤੂ ਅਤੇ ਗੁਰਮਤਿ ਅਨੁਸਾਰ ਸਖ਼ਤ ਵਰਜਿਤ ਖਾਧ ਦਾ ਖਾਣਾ ਜਾਇਜ਼ ਦਰਸਾਉਣ ਲਈ, ਇਹ ਵੀ ਇਕ ਬੋਦੀ ਜਿਹੀ ਦਲੀਲ ਦੇਂਦੇ ਹਨ ਕਿ ਮਾਸ ਖਾਣ ਨਾਲ ਹੀ ਮਨੁੱਖ ਵਿਚ ਸ਼ਕਤੀ ਤੇ ਵੀਰਤਾ ਆਉਂਦੀ ਹੈ। ਪਰ ਪਾਵਨ ਗੁਰਬਾਣੀ ਅਤੇ ਸਾਇੰਸ ਦੇ ਤਜਰਬਿਆਂ ਨੇ ਇਹ ਗੱਲ ਗਲਤ ਅਤੇ ਨਿਰਮੂਲ ਸਾਬਤ ਕਰ ਦਿਤੀ ਹੈ।

ਪੁਰਾਤਨ ਗੁਰਸਿੱਖਾਂ ਵਿਚ ਆਖ਼ਰਾਂ ਦੀ ਸ਼ਕਤੀ, ਦਲੇਰੀ, ਦੇਸ਼ ਅਤੇ ਪੰਥ ਲਈ ਕੁਰਬਾਨੀ ਕਰਨ ਦੀ ਭਾਵਨਾ ਅਤੇ ਸ਼ਹੀਦੀਆਂ ਪਾ ਜਾਣ ਦੀ ਆਤਮਕ ਬਲਵਾਨਤਾ ਕੇਵਲ ਇਸੇ ਲਈ ਹੀ ਪ੍ਰਬਲ ਸੀ ਕਿ ਉਹ ਮਾਸ ਸ਼ਰਾਬ ਤੇ ਹੋਰ ਅਭੱਖ ਵਸਤੂਆਂ ਦੇ ਸੇਵਨ ਤੋਂ ਪੂਰੀ ਤਰ੍ਹਾਂ ਬਚ ਕੇ ਰਹਿੰਦੇ ਸਨ। ਇਸੇ ਕਰਕੇ ਹੀ ਉਹ ਕੇਵਲ ਸਰੀਰਕ ਤੇ ਮਾਨਸਿਕ ਤੌਰ ਤੇ ਹੀ ਬਲਵਾਨ ਨਹੀਂ ਸਨ, ਸਗੋਂ ਉਹ ਬਚਨਾਂ ਦੇ ਵੀ ਸੂਰੇ ਅਤੇ ਆਚਰਨ ਦੇ ਵੀ ਮਹਾਂ ਬਲੀ ਹੁੰਦੇ ਸਨ।

ਜੇ ਕੇਵਲ ਮਾਸ ਖਾਣ ਨਾਲ ਹੀ ਮਨੁੱਖ ਵਿਚ ਸ਼ਕਤੀ ਤੇ ਵੀਰਤਾ ਆਉਂਦੀ ਹੁੰਦੀ ਤਾਂ ਸਾਡਾ ਇਤਿਹਾਸ ਇਹੋ ਜਿਹੀ ਇਕ ਵੀ ਮਿਸਾਲ ਪੇਸ਼ ਨਾ ਕਰ ਸਕਦਾ ਕਿ ਪੂਰਾ ਪੂਰਾ ਦੁੰਬਾ ਖਾ ਜਾਣ ਵਾਲਿਆਂ ਦੀ ਹਜ਼ਾਰਾਂ ਗਿਣਤੀ ਉਤੇ, ਕਈ ਕਈ ਦਿਨਾਂ ਦੇ ਭੁੱਖੇ ਅਤੇ ਭੁੰਨੇ ਛੋਲੇ ਖਾ ਖਾ ਕੇ ਡੰਗ ਟਪਾਈ ਕਰਨ ਵਾਲੇ ਸਿੰਘ ਕਈ[illegible] ਭਾਰੂ ਹੋਏ ਤੇ ਇਹਨਾਂ ਪਾਟੇ ਕਛਹਿਰਿਆਂ ਵਾਲੇ ਭੁੱਖੇ ਸ਼ੇਰਾਂ ਨੇ ਪਹਾੜ ਜੇਡੀ ਮੁਗਲ ਤੇ ਤੁਰਕ ਹਕੂਮਤ ਨਾਲ[illegible] ਲਾਇਆ ਤੇ ਅੰਤ ਤੀਕ ਜੂਝਦੇ ਰਹੇ। ਅੰਤ ਨੂੰ ਉਹਨਾਂ ਨੂੰ ਖਦੇੜ ਕੇ ਦੇਸ਼ ਚੋਂ ਬਾਹਰ ਕਢ ਮਾਰਿਆ।

ਮਾਸ ਖਾਣ ਨਾਲ ਵੀਰਤਾ ਆਉਣ ਦਾ ਭੁਲੇਖਾ ਹੀ ਅਜ ਵੀ ਮਾਸ ਖਾਣ ਵਾਲੇ ਵੀਰਾਂ ਨੂੰ ਇਸ ਭਿਆਨਕ ਗਲਤ-ਫ਼ਹਿਮੀ ਵਿਚ ਰਖ ਰਿਹਾ ਹੈ, ਪਰ ਜ਼ਰਾ ਗਹੁ ਨਾਲ ਜੇ ਵੇਖੀਏ ਕਿ ਭਾਰਤ ਦੀ ਇਕੋ ਧਰਤੀ ਉਤੇ ਤੇ ਇਕੋ ਆਕਾਸ਼ ਹੇਠ ਰਹਿੰਦਿਆਂ, ਇਕੋ ਹੀ ਜਲਵਾਯੂ ਵਿਚ ਵਿਚਰਦਿਆਂ ਅਤੇ ਇਕੋ ਹੀ ਧਰਤੀ ਦਾ ਅੰਨ-ਜਲ ਖਾ ਕੇ ਵੀ ਗੁਰੂ ਦਸਮੇਸ਼ ਦੇ ਸਿੰਘਾਂ ਵਿਚ ਦੇਸ਼ ਦੀਆਂ ਹੋਰ ਜਾਤੀਆਂ ਦੇ ਲੋਕਾਂ ਨਾਲੋਂ ਕੁਝ ਵਧ ਵਿਸ਼ੇਸ਼ਤਾ ਹੈ ਤਾਂ ਇਸ ਦਾ ਕਾਰਨ ਇਹ ਨਹੀਂ ਕਿ ਸਿੱਖਾਂ ਵਿਚ ਇਹ ਵਿਸ਼ੇਸ਼ਤਾ ਤੇ ਵੀਰਤਾ ਮਾਸ ਖਾਣ ਕਰਕੇ ਹੀ ਹੈ। ਕੀ ਬਾਕੀ ਦੇਸ਼-ਵਾਸੀ ਮਾਸ ਨਹੀਂ ਖਾਂਦੇ ?

ਫਿਰ ਸਿਖ ਸੂਰਬੀਰਾਂ ਵਿਚ ਉਹ ਕਿਹੜੀ ਵਖਰੀ ਗੱਲ ਹੈ ਜਿਹੜੀ ਇਹਨਾਂ ਨੂੰ ਵੀਰਤਾ ਤੇ ਸੂਰਮਗਤੀ ਦੀਆਂ ਉਚ ਰਵਾਇਤਾਂ ਸਥਾਪਿਤ ਕਰਨ ਵਿਚ ਬਾਕੀ ਦੇ ਸਭ ਦੇਸ਼-ਵਾਸੀਆਂ ਤੋਂ ਨਿਖੇੜਦੀ ਹੈ ?

ਮਾਸ ਖਾਣ ਵਾਲਿਆਂ ਦੀਆਂ ਨਜ਼ਰਾਂ ਵਿਚ ਇਸ ਦਾ ਮੁਖ ਕਾਰਨ ਸ਼ਾਇਦ ਮਾਸ ਖਾਣਾ ਹੀ ਹੋਵੇ, ਪਰ [illegible]ਸਲੀਅਤ ਅਤੇ ਪਾਵਣ ਗੁਰਬਾਣੀ ਇਸ ਗੱਲ ਦਾ ਖੰਡਨ ਕਰਦੀ ਹੈ। ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ [illegible] ਪਾਤਿਸ਼ਾਹ ਅਨੁਸਾਰ ਤਾਂ—

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ ਪੂਰਾ ॥ (ਧਨਾਸਰੀ-੬੮੦

[illegible]ਲ ਵਿਚ ਸੂਰਮਤਾਈ ਤੇ ਵੀਰਤਾ ਤਾਂ "ਹਰਿ ਰੰਗ" ਦੇ ਨਾਲ ਆਉਂਦੀ ਹੈ, ਮਾਸ ਖਾਣ ਨਾਲ ਨਹੀਂ; ਅਤੇ [illegible]ਦਾ ਹੈ ਆਤਮ ਜਿਣਨ ਨਾਲ। ਪਰ ਜਿਹੜਾ ਸੱਜਣ ਜੀਭ-ਸੁਆਦ ਨੂੰ ਜਿਤ ਨਹੀਂ ਸਕਦਾ, ਉਸ

ਲਈ ਆਤਮ ਜਿਣਨਾ ਕਠਨ ਹੀ ਨਹੀਂ ਸਗੋਂ ਨਾਮੁਮਕਿਨ ਹੈ। ਜਿਹੜਾ ਆਤਮ-ਜਿਣੋ ਦੀ ਯੋਗਤਾ ਨਹੀਂ ਰਖ ਸਕਦਾ, ਉਸ ਨੂੰ ਹਰਿ ਰੰਗ ਨਹੀਂ ਲਗ ਸਕਦਾ, ਤੇ ਹਰਿ ਰੰਗ ਲਗੇ ਬਿਨਾਂ ਵੀਰਤਾ ਨਹੀਂ ਆ ਸਕਦੀ।

ਸਿਖਾਂ ਵਿਚ ਵੀਰਤਾ ਸੰਬੰਧੀ ਬਾਕੀ ਦੇਸ਼-ਵਾਸੀਆਂ ਨਾਲੋਂ ਵਿਸ਼ੇਸ਼ਤਾ ਦਾ ਕਾਰਨ ਵਾਸਤਵ ਵਿਚ ਮਾਸ ਖਾਣ ਕਰਕੇ ਨਹੀਂ ਹੈ, ਸਗੋਂ ਹੇਠ ਲਿਖੇ ਗੁਣਾਂ ਕਰਕੇ ਹੈ: —

੧. ਸਿੱਖਾਂ ਕੋਲ ਪਾਵਨ ਤੇ ਪਵਿਤਰ ਗੁਰਬਾਣੀ ਦਾ ਅਧਿਆਤਮਕ ਭੰਡਾਰ ਹੈ, ਜਿਹੜਾ ਦੇਸ਼ ਵਿਚ ਹੋਰ ਕਿਸੇ ਕੋਲ ਨਹੀਂ ਹੈ।

੨. ਕੇਸ ਅਤੇ ਸਾਬਤ ਸੂਰਤ ਹੈ, ਜਿਸ ਤੋਂ ਬਾਕੀ ਦੇਸ਼-ਵਾਸੀ ਵੰਚਿਤ ਹਨ, (ਕੇਸ ਬਲ ਅਤੇ ਸ਼ਕਤੀ ਦੇ ਮਹਾਨ ਭੰਡਾਰ ਹਨ)।

੩. ਅੰਮ੍ਰਿਤ ਦੀ ਵੱਡਮੁੱਲੀ ਦਾਤ ਹੈ, ਜਿਹੜੀ ਕਿ ਸਿੰਘਾਂ ਦੀ ਜੀਵਨ-ਗੁੜ੍ਹਤੀ ਹੈ।

੪. ਤਮਾਕੂ ਤੋਂ ਪ੍ਰਹੇਜ਼, ਜਿਸ ਦੇ ਜ਼ਹਿਰੀਲੇ ਅਸਰ ਵਿਚ ਲੁਕਾਈ ਰੁੜ੍ਹੀ ਜਾ ਰਹੀ ਹੈ।

ਇਹ ਗੱਲ ਤਾਂ ਸੂਰਜ ਵਾਂਗੂ ਉਜਾਗਰ ਹੈ ਕਿ ਅਜ ਦਾ ਸਿਖ ਪੁਰਾਤਨ ਗੁਰਸਿਖਾਂ ਵਰਗਾ ਨਹੀਂ ਰਿਹਾ, ਇਸ ਦਾ ਮੂਲ ਕਾਰਨ ਹੈ ਕਿ ਉਹ ਅਹਾਰ ਪਖੋਂ ਕਮਜ਼ੋਰ ਹੋ ਗਿਆ ਹੈ। ਸਾਡਾ ਤਾਂ ਵਿਸ਼ਵਾਸ ਹੈ ਕਿ ਅਜ ਜਿਹੜੀਆਂ ਕਮਜ਼ੋਰੀਆਂ, ਆਚਰਨ ਹੀਨਤਾ, ਆਪਾ-ਧਾਪੀ, ਖ਼ੁਦਗਰਜ਼ੀ, ਚੌਧਰ ਦੀ ਭੁੱਖ ਆਦਿ ਦੋਸ਼ ਸਿਖ ਕੌਮ ਵਿਚ ਆ ਗਏ ਹਨ, ਇਸ ਦਾ ਮੂਲ ਕਾਰਨ ਹੀ ਮਾਸ ਤੇ ਸ਼ਰਾਬ ਜਿਹੜੀਆਂ ਨਿੰਦਤ ਵਸਤੂਆਂ ਦੀ ਵਰਤੋਂ ਹੈ। ਅਜ ਜੇਕਰ ਗੁਰੂ ਕੇ ਸਿੰਘਾਂ ਵਿਚ ਜਿਥੇ ਅੰਮ੍ਰਿਤ ਦੀ ਦਾਤ, ਪਾਵਨ ਗੁਰਬਾਣੀ ਦੀ ਬਖ਼ਸ਼ਸ਼, ਤਮਾਕੂ ਦੀ ਲਾਹਨਤ ਤੋਂ ਬਚਾਅ ਅਤੇ ਕੇਸਾਂ ਦੀ ਮਹਾਨ ਸ਼ਕਤੀ ਦੇ ਨਾਲ ਅਹਾਰ-ਪਵਿਤ੍ਰਤਾ ਵੀ ਆ ਜਾਏ ਅਤੇ ਗੁਰੂ ਕਾ ਸਿੰਘ ਜੇ ਮਾਸ ਤੇ ਸ਼ਰਾਬ ਜਿਹੀਆਂ ਤਾਮਸਿਕ ਵਸਤੂਆਂ ਦਾ ਵੀ ਤਿਆਗ ਕਰ ਦਏ ਤਾਂ ਯਕੀਨਨ ਇਸ ਵਿਚ ਪੁਰਾਤਨ ਸਿੰਘਾਂ ਵਾਲੀ ਵੀਰਤਾ ਮੁੜ ਸੁਰਜੀਤ ਹੋ ਸਕਦੀ ਹੈ। ਮੁੜ ਕੇ ਸਿੰਘ ਬਚਨ ਤੇ ਕਰਨੀ ਦਾ ਸੂਰਾ ਬਣ ਸਕਦਾ ਹੈ, ਮੁੜ ਇਸ ਦਾ ਆਚਰਨ ਦੁਸ਼ਮਣਾਂ ਦੇ ਮੂੰਹੋਂ ਵੀ ਸਲਾਹਿਆ ਜਾਣ ਵਾਲਾ ਬਣ ਸਕਦਾ ਹੈ ਅਤੇ ਮੁੜ ਕੇ ਇਹ ਇਕੱਲਾ ਇਕੱਲਾ ਵੀ ਹਜ਼ਾਰਾਂ ਦੁਸ਼ਮਣਾਂ ਉਤੇ ਭਾਰੂ ਹੋ ਸਕਦਾ ਹੈ।

ਪੁਰਾਤਨ ਗੁਰ-ਸਿੰਘਾਂ ਵਿਚ ਉਪਰੋਕਤ ਗੁਣਾਂ ਦੇ ਨਾਲ ਆਪ-ਸੰਚਾਰੀ ਸ਼ਕਤੀ ਦੇ ਭਰੋਸੇ ਹੀ ਦਸਮ ਪਿਤਾ ਨੇ ਛਾਤੀ ਤਾਣ ਕੇ ਦਾਅਵਾ ਕੀਤਾ ਸੀ ਅਤੇ ਇਸ ਨੂੰ ਸੱਚ ਕਰ ਵਿਖਾਇਆ ਸੀ —

ਸਵਾ ਲਖ ਸੇ ਏਕ ਲੜਾਊਂ

ਅਜ ਦਾ ਗੁਰਸਿਖ ਜ਼ਰਾ ਆਪਣੇ ਗਰੀਬਾਨ ਵਿਚ ਝਾਤੀ ਮਾਰ ਕੇ ਸੋਚਣ ਦੀ ਖੇਚਲ ਤਾਂ ਕਰੇ ਕਿ ਕੀ ਉਸ ਦੀ ਅੱਜ ਦੀ ਮੌਜੂਦਾ ਹਾਲਤ ਵਿਚ ਸਤਿਗੁਰੂ ਦਸਮੇਸ਼ ਪਿਤਾ ਦਾ ਉਪ੍ਰੋਕਤ ਦਾਅਵਾ ਸੱਚ ਸਾਬਤ ਹੋ ਸਕਦਾ ਹੈ?

ਇਹ ਇਕ ਅਟੱਲ ਸਚਾਈ ਹੈ ਕਿ ਮਨੁੱਖ ਜਿਹੋ ਜਿਹਾ ਕੁਝ ਖਾਂਦਾ ਹੈ ਉਹੋ ਜਿਹਾ ਹੀ ਉਹ ਹੋਂਦੀ ਹੈ—"ਜੇਹਾ ਅੰਨ ਤੇਹਾ ਮਨ", 'ਜਿਹਾ ਅਹਾਰ ਤੇਹੋ ਵਿਚਾਰ"। ਮਨੋ ਵਿਗਿਆਨਕ ਤੌਰ ਤੇ ਇਹ ਗੱਲ ਸਿ ਚੁਕੀ ਹੈ ਕਿ ਜਿਸ ਬਕਰੇ ਨੂੰ ਲੱਤਾਂ ਪੈਰ ਬੰਨ੍ਹ ਨੂੜ ਕੇ ਮੌਤ ਦੀ ਵੇਦੀ ਉਤੇ ਖੜਾ ਕੀਤਾ ਹੋਵੇ, ਤੇ ਉਸ ਦੀ ਹਾਲਤ ਵਿਚ ਆਪਣੇ ਵਲ ਵਧ ਰਹੀ ਮੌਤ ਰੂਪੀ ਛਰੀ ਨੂੰ ਦੇਖ ਵੇਖ ਕੇ ਉਹ ਹੌਲ ਤੇ ਡਰ ਨਾ ਹੋਇਆ ਹੁੰਦਾ ਹੈ। ਆਪਣੇ ਕਤਲ ਸਮੇਂ ਆਈ, ਬਕਰੇ ਅੰਦਰ ਬੇਚਾਰਗੀ, ਕਾਇਰਤਾ ਤੇ ਮਜਬੂਰੀ ਆ ਦੇ ਅਹਿਸਾਸ ਨਾਲ ਝੁਰਦੇ ਇਸ ਮਾਸੂਮ ਪਸ਼ੂ ਦਾ ਮਾਸ ਖਾ ਕੇ ਕਾਇਰਤਾ, ਬਿਚਾਰਗੀ, ਦੀਨਤਾ, ਝੋਰਾ ਹੀ ਆਏਗਾ; ਮਰਦਾਨਗੀ, ਨਿਡਰਤਾ ਦਲੇਰੀ ਹਰਗਿਜ਼ ਨਹੀਂ ਆ ਸਕਦੀ।

ਛਕਣੇ ... ਮ੍ਰਿਤ ... ਮ੍ਰਿਤ ਦਾ ... ਤਰ੍ਹਾਂ ਪੰਜ ... ਟੇ ਮਾਰਨੇ ... ਟੇ ਜਵਾਬ ਵਿਚ ... ਥ ਨਾਲ ਅੰਮ੍ਰਿਤ